

# ਅੰਮ੍ਰਿਤ ਕੀਰਤਨ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮੁੱਲ : 10 ਰੁਪਏ

ਨਵੰਬਰ, 1995

ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ.ਐਚ.ਡੀ.

*

ਸਹਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡ. ਕਰਨੈਨ ਸਿੰਘ ਸੋਮਲ

ਸ. ਜੋਤਿੰਦਰ ਸਿੰਘ ਸੋਹਲ

ਸ੍ਰ. ਹਰਿਭਜਨ ਸਿੰਘ ਚੋਪੜਾ (ਬਰ੍ਹਮਾ)

ਪ੍ਰੋ. ਸਤਵਿੰਦਰ ਸਿੰਘ

*

→ [ ਚਿੱਤਰਕਾਰ
ਗੁਰਦੀਪ ਸਿੰਘ ਦੀਪ

ਚਦੇ ਦਾ ਵੇਰਵਾ :

ਇਕ ਕਾਪੀ 10/

ਸਲਾਨਾ 100/-

ਜੀਵਨ ਮੈਂਬਰ 1000/-

ਵਿਦੇਸ਼ ਸਲਾਨਾ 500,-

ਜੀਵਨ ਮੈਂਬਰ 5000/-

ਚਿੱਠੀ ਪੱਤਰ ਲਈ ਪਤਾ :

ਅੰਮ੍ਰਿਤ ਕੀਰਤਨ ਟ੍ਰਸਟ ਰਜਿ.

422, ਸੈਕਟਰ 15-ਏ

ਚੰਡੀਗੜ੍ਹ-160015

ਫੋਨ : 772660

*

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ' ਟ੍ਰਸਟ ਦੇ ਨਾਮ ਹੀ ਭੇਜੇ ਜਾਣ ਜੀ ।


# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਅੰਕ 11 ਸਾਲ ਸੱਤਵਾਂ ਨਵੰਬਰ, 1995


## ਤਤਕਰਾ


| | |
|---|---|
| ਪਾਠਕ ਲਿਖਦੇ ਹਨ । | 2 |
| ਕਰਉ ਬੇਨੰਤੀਆ | 3 |
| ਅਰਦਾਸ ਦੀ ਸਾਂਜੀਵ ਲਤਾ | 4 |
| — ਡਾ. ਜਸਵੰਤ ਸਿੰਘ ਨੇਕੀ | |
| ਕੀਰਤਨ ਅਤੇ ਬਿਰਤੀ ਡਾ. ਸੁਰਜੀਤ 'ਕੁੰਜ ਗੀ' | 6 |
| ਜੰਮੂ ਕਸ਼ਮੀਰ ਦੇ ਕੀਰਤਨੀਏ ਤੇ ਪ੍ਰਚਾਰਕ | 3 |
| ਜਸਬੀਰ ਸਿੰਘ ਸਰਨਾ | 9 |
| Happiness Dapinder Singh | 11 |
| ਮਨ ਦਾ ਤਨ ਉਤੇ ਅਸਰ | |
| ਪ੍ਰੋ. ਜਗਜੀਤ ਸਿੰਘ ਜਬੇਵਲ | 12 |
| ਕਿਰਤਕਰ (ਕਵਿਤਾ) | |
| ਡਾ. ਗੁਰਦਰਸ਼ਨ ਸਿੰਘ ਬਾਦਲ | 13 |
| ਕੀਰਤਨ ਰਸਦ ਇਕ ਕਿਵੇਂ ਹੋਵੇ | |
| 'ਸੂਰ' ਵਿਚੋਂ | 14 |
| ਸੁਰਲਿਪੀ ਰਾਗ ਧਨਾਸਰੀ ਪ੍ਰੋ. ਤਾਰਾ ਸਿੰਘ | 17 |


ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

*

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ ।

# ਪਾਠਕ ਲਿਖਦੇ ਹਨ :

★ ਆਪਣੇ ਬੇਟੇ ਦੇ ਕਹਿਣ ਤੇ ਮੈਂ ਦੋ-ਤਿੰਨ ਕਾਪੀਆਂ ਅੰਮ੍ਰਿਤ ਕੀਰਤਨ ਦੀਆਂ ਪੜ੍ਹੀਆਂ ਹਨ। ਇਸ ਲੋੜੀਂਦੀ ਸੇਵਾ ਤੋਂ ਪ੍ਰਭਾਵਿਤ ਹੋਇਆ ਹਾਂ। ਪਰਚੇ ਦੀ ਪ੍ਰਫੁਲਤਾ ਤੇ ਵਿਸ਼ਾਲਤਾ ਲਈ ਜੋ ਵੇਰਵੇ ਤੁਹਾਡੇ ਪਾਸ ਤਿਆਰ ਹੋਣ ਉਸ ਦੀ ਇਕ ਕਾਪੀ ਮੈਨੂੰ ਭੇਜਣ ਦੀ ਖੇਚਲ ਕਰਨਾ।

— ਪ੍ਰੋ. ਹਰਕਿਸ਼ਨ ਸਿੰਘ, ਨਵੀਂ ਦਿੱਲੀ

★ 'ਤੁਹਾਡੀ ਮਾਸਿਕ ਪਤ੍ਰਿਕਾ 'ਅੰਮ੍ਰਿਤ ਕੀਰਤਨ' ਸਚਮੁਚ ਹੀ ਸੰਗੀਤ ਪ੍ਰੇਮੀਆਂ ਅਤੇ ਰੱਬ ਦੇ ਭਗਤਾਂ ਦਾ ਬਹੁਤ ਉਚੇਰਾ ਮਾਰਗ ਦਰਸ਼ਨ ਕਰ ਰਹੀ ਹੈ। ...'ਅੰਮ੍ਰਿਤ ਕੀਰਤਨ' ਦਾ ਚੰਦਾ 100 ਰੁਪੈ ਪ੍ਰਵਾਨ ਕਰਕੇ ਦਾਸ ਨੂੰ ਵੀ ਆਸ਼ੀਰਵਾਦ ਦਿਓ।'

— ਸੁਰਿੰਦਰ ਭਾਰਦਵਾਜ, ਚੰਡੀਗੜ੍ਹ

★ 'ਕਈ ਸਾਲ ਹੋਏ ਮੈਨੂੰ ਹੇਮਕੁੰਟ ਦੀ ਯਾਤਰਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਆਪ ਜੀ ਦੇ ਪਰਚੇ ਵਿਚੋਂ 'ਹੇਮਕੁੰਟ ਪਰਬਤ ਹੈ ਜਹਾਂ' ਪੜ੍ਹਿਆ ਤੇ ਮੇਰੀਆਂ ਅੱਖਾਂ ਸਾਹਮਣੇ ਉਹ ਦ੍ਰਿਸ਼ ਫਿਰ ਤੋਂ ਸੁਰਜੀਤ ਹੋ ਗਏ।'

— ਡਾ. ਜੋਗਿੰਦਰ ਸਿੰਘ ਬਾਵਰਾ, ਜਲੰਧਰ

★ 'ਡਾ. ਜਸਵੰਤ ਸਿੰਘ ਨੇਕੀ ਦਾ ਲੇਖ 'ਅਰਦਾਸ ਦੀ ਭਾਵਨਾ' ਬੇਹੱਦ ਪਸੰਦ ਆਇਆ। ਜਸਬੀਰ ਸਿੰਘ ਸਰਨਾ ਦਾ ਲੇਖ 'ਗੁਰਮਤਿ ਵਿਚ ਕੀਰਤਨ ਦਾ ਮਹੱਤਵ' ਅਤੇ ਜੀ. ਐਸ. ਸਰਦਾਰ ਜੀ ਦੀ ਲਿਖੀ 'ਰਾਗ ਸੋਰਠ ਵਿਚ ਤਿੰਨ ਤਾਲ ਦੀ ਬੰਦਸ਼', ਸਤਨਾਮ ਸਿੰਘ ਬੰਬਈ ਵਲੋਂ ਉਸਤਾਦ ਜੋਗਿੰਦਰ ਸਿੰਘ ਯੋਗੀ ਬਾਰੇ ਜਾਣਕਾਰੀ ਅਤੇ ਹਰਚਰਨ ਸਿੰਘ ਕਲਕੱਤਾ ਵਾਲਿਆਂ ਵਲੋਂ ਭਾਈ ਨਿਰਮਲ ਸਿੰਘ ਖਾਲਸਾ ਦੀ ਆਸਾ ਦੀ ਵਾਰ ਦੀ ਕੈਸੇਟ ਸਮੀਖਿਆ ਬਹੁਤ ਹੀ ਜ਼ਿਆਦਾ ਪਸੰਦ ਆਈ।'

— ਐਮ. ਐਸ. ਮਸਤਾਨਾ, ਮਲੋਟ

★ 'ਅੰਮ੍ਰਿਤ ਕੀਰਤਨ' ਮਾਸਿਕ ਪੱਤਰ ਚੜ੍ਹਦੀ ਕਲਾ ਵਿਚ ਜਾ ਰਿਹਾ ਹੈ। ਮੁਹਾਂਦਰਾ ਤੇ ਮੈਟਰ ਬਹੁਤ ਪਸੰਦ ਆਉਂਦੇ ਹਨ। ਇਹ ਪਰਚਾ ਕੀਰਤਨੀ ਸਿੰਘਾਂ ਤੇ ਰਾਗੀ ਜਥਿਆਂ ਲਈ ਤਾਂ ਵਿਸ਼ੇਸ਼ ਮਹੱਤਵ ਰਖਦਾ ਹੀ ਹੈ ਪਰ ਇਹ ਕੀਰਤਨ ਦੇ ਰਸੀਆਂ ਲਈ ਤਾਂ ਅਮੁੱਕ ਉਤਸ਼ਾਹ ਤੇ ਪ੍ਰੇਰਨਾ ਦੇਣ ਵਾਲਾ ਪੱਤਰ ਹੈ।'

— ਗਿ. ਹਰਨਾਮ ਸਿੰਘ ਜਾਚਕ,
ਹੈੱਡ ਗਰੰਥੀ ਸ੍ਰੀ ਗੁਰੂ ਸਿੰਘ ਸਭਾ, ਬਟੋਤ

★ 'ਅੰਮ੍ਰਿਤ ਕੀਰਤਨ' ਦੇ ਪੰਨੇ ਥੋੜੇ ਕੀਤੇ ਜਾਣ ਤੇ ਕਾਫੀ ਚਿੰਤਾ ਹੋਈ ਹੈ। ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਉਹ ਮਿਹਰ ਕਰਨ ਤੇ ਸਾਡਾ ਇਹ ਮਾਸਿਕ ਪੱਤਰ 'ਅੰਮ੍ਰਿਤ ਕੀਰਤਨ' ਸਦਾ ਚੜ੍ਹਦੀਆਂ ਕਲਾਂ ਵਿਚ ਰਹੇ।'

ਨਰਿੰਦਰਪਾਲ ਸਿੰਘ— ਨਵੀਂ ਦਿੱਲੀ

★ 'ਮੈਂ 'ਅੰਮ੍ਰਿਤ ਕੀਰਤਨ' ਤਕਰੀਬਨ ਤਿੰਨ ਸਾਲਾਂ ਤੋਂ ਪੜ੍ਹ ਰਿਹਾ ਹਾਂ, ਬਹੁਤ ਹੀ ਲਾਭਕਾਰੀ ਮੈਗਜ਼ੀਨ ਹੈ। ਗੁਰੂ ਮੇਹਰ ਕਰੇ, ਇਹ ਪੱਤਰ ਨਿਰੰਤਰ ਜਾਰੀ ਰਹੇ ਅਤੇ ਅਸੀਂ ਇਸ ਤੋਂ ਭਰਪੂਰ ਜਾਣਕਾਰੀ ਪ੍ਰਾਪਤ ਕਰਦੇ ਰਹੀਏ। 200 ਰੁਪੈ ਦਾ ਬੈਂਕ ਡਰਾਫਟ ਭੇਜ ਰਿਹਾ ਹਾਂ।'

— ਸਤਿਨਾਮ ਸਿੰਘ, ਸੰਗਰੂਰ

★ 'ਤੁਸੀਂ 'ਅੰਮ੍ਰਿਤ ਕੀਰਤਨ' ਵਿਚ ਸਮੇਂ ਅਨੁਸਾਰ ਰਾਗਾਂ ਵਿਚ ਸ਼ਬਦਾਂ ਦੀ ਨੋਟੇਸ਼ਨ ਦਿਆ ਕਰੋ। ਜਿਵੇਂ ਹੁਣ ਮਲਾਰ ਰਾਗ ਦੀ ਰੁੱਤ ਹੈ, ਇਸ ਦੀਆਂ ਨੋਟੇਸ਼ਨਾਂ ਦਿਓ।'

— ਪ੍ਰੋ. ਮੰਗਤ ਸਿੰਘ (ਰੇਡੀਓ ਆਰਟਿਸਟ)
ਮਲੋਟ ਮੰਡੀ

★ 'ਮੈਂ ਦੋ ਸਾਲ ਤੋਂ 'ਅੰਮ੍ਰਿਤ ਕੀਰਤਨ' ਪੜ੍ਹ ਰਿਹਾ ਹਾਂ। ਇਸ ਜਾਣਕਾਰੀ ਭਰਪੂਰ ਰਸਾਲੇ ਲਈ ਮੈਂ ਆਪ ਜੀ ਦੇ ਉੱਦਮ ਦੀ ਦਾਤ ਦਿੰਦਾ ਹਾਂ।'

ਪ੍ਰਮਬੀਰ ਸਿੰਘ ਗੁਜਰਾਲ,
ਨਯਾ ਨੰਗਲ

★ 'ਤੁਸੀਂ ਰਾਗਾਂ ਅਤੇ ਰਾਗੀਆਂ ਬਾਰੇ ਜਾਣਕਾਰੀ ਪਹੁੰਚਾ ਰਹੇ ਹੋ, ਬੜਾ ਪਰਉਪਕਾਰ ਹੈ। ਰਾਗਾਂ ਦਾ ਸਮਾਂ ਵੀ ਜ਼ਰੂਰ ਲਿਖਣ ਦੀ ਖੇਚਲ ਕਰਨੀ ਜੀ ਤਾਂ ਜੁ ਸਾਨੂੰ ਵੀ ਕੀਰਤਨ ਕਰਨ ਵੇਲੇ ਅਸਾਨੀ ਹੋਵੇ।

ਭਾਈ ਜੋਗ ਸਿੰਘ ਬੰਬਈ

# ਕਰਉ ਬੇਨੰਤੀਆ

'ਅੰਮ੍ਰਿਤ ਕੀਰਤਨ' ਇਸ ਵੇਲੇ ਸੱਤਵੇਂ ਵਰ੍ਹੇ ਵਿਚੋਂ ਗੁਜ਼ਰ ਰਿਹਾ ਹੈ। 'ਅੰਮ੍ਰਿਤ ਕੀਰਤਨ' ਗੁਰਬਾਣੀ ਕੀਰਤਨ ਦੇ ਪ੍ਰਚਾਰ ਅਤੇ ਪਰਸਾਰ ਦੇ ਮੰਤਵ ਨਾਲ ਆਰੰਭ ਹੋਇਆ ਸੀ ਤੇ ਇਹ ਅਸਲੋਂ ਹੀ ਗੁਰਬਾਣੀ ਕੀਰਤਨ ਦੀ ਸੱਚੀ-ਸੁਚੀ ਪਰੰਪਰਾ ਨੂੰ ਸਮਰਪਿਤ ਹੈ। ਇਸ ਨੇ ਪਾਠਕਾਂ ਨੂੰ ਗੁਰਬਾਣੀ ਸੰਗੀਤ ਪ੍ਰਤੀ ਚੇਤੰਨ ਕੀਤਾ ਹੈ। ਪਿਛਲੇ ਕੁਝ ਸਮੇਂ ਵਿਚ 'ਅਦੁਤੀ ਗੁਰਮਤਿ ਸੰਗੀਤ ਸੰਮੇਲਨ', ਸਕੂਲ, ਕਾਲਜ ਅਤੇ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਵਿਚ ਗੁਰਮਤ ਸੰਗੀਤ ਦਾ ਇੱਕ ਵਿਸ਼ੇ ਵਜੋਂ ਲਾਗੂ ਹੋਣਾ ਜਿਹੇ ਮਹਤਵਪੂਰਨ ਕਾਰਜ ਹੋਏ ਹਨ। ਇਹਨਾਂ ਕਾਰਜਾਂ ਵਿਚ 'ਅੰਮ੍ਰਿਤ ਕੀਰਤਨ' ਆਪਣਾ ਵਿਸ਼ੇਸ਼ ਯੋਗਦਾਨ ਪਾ ਰਿਹਾ ਹੈ।

ਪਰ ਅਜੇ ਵੀ ਬਹੁਤ ਕੁਝ ਕਰਨਾ ਬਾਕੀ ਹੈ। ਅੱਜ ਦੇ ਵਪਾਰਕ ਯੁਗ ਵਿੱਚ ਨਵੀਂ ਟੈਕਨਾਲੋਜੀ ਵਪਾਰੀਆਂ ਦਾ ਹੱਥ ਠੋਕਾ ਬਣ ਕੇ ਹੀ ਰਹਿ ਗਈ ਹੈ। ਬਹੁਤੇ ਵਪਾਰੀ ਆਪਣੀਆਂ ਵਸਤਾਂ ਵੇਚਣ ਲਈ ਕੀਰਤਨ ਨੂੰ ਇਕ ਸਾਧਨ ਵਜੋਂ ਵਰਤਦੇ ਹਨ। ਇਥੇ ਕੀਰਤਨ ਦਾ ਮਿਆਰ ਮਿਥਣ ਲਈ ਕੋਈ ਕਸੌਟੀ ਨਹੀਂ ਹੈ। ਇਸ ਲਈ ਕਲਾਸੀਕਲ ਕੀਰਤਨ ਸ਼ੈਲੀ ਲੋਪ ਹੋ ਰਹੀ ਹੈ। ਭਾਵੇਂ ਸਮੇਂ ਨਾਲ ਹਰ ਸ਼ੈਲੀ ਵਿਚ ਤਬਦੀਲੀ ਆਉਂਦੀ ਹੈ। ਪਰ ਇਸ ਦਾ ਅਰਥ ਇਹ ਨਹੀਂ ਕਿ ਅਸੀਂ ਜੜ੍ਹੋਂ ਹੀ ਉੱਖੜ ਜਾਈਏ। ਫਿਲਮੀ ਤਰਜ਼ਾਂ ਉਪਰ ਕੀਰਤਨ ਕਰਨਾ ਗੁਰਬਾਣੀ ਰੂਪੀ ਦੁੱਧ ਵਿਚ ਕਾਂਜੀ ਪਾਉਣ ਸਮਾਨ ਹੈ। ਇਸ ਨੂੰ ਸੰਗਤਾਂ ਹੀ ਠੱਲ੍ਹ ਪਾ ਸਕਦੀਆਂ ਹਨ।

ਕੀਰਤਨੀਏ ਨੂੰ ਫਿਲਮੀ ਤਰਜ਼ਾਂ ਉਪਰ ਕੀਰਤਨ ਕਰਨ ਤੋਂ ਰੋਕਣਾ ਚਾਹੀਦਾ ਹੈ ਅਤੇ ਜਿਹੜੇ ਕੀਰਤਨੀਏ ਰਾਗਾਂ ਵਿਚ ਕੀਰਤਨ ਕਰਦੇ ਹਨ ਉਹਨਾਂ ਦਾ ਵਿਸ਼ੇਸ਼ ਸਤਿਕਾਰ ਕਰਨਾ ਚਾਹੀਦਾ ਹੈ।

ਬੜੀ ਦੇਰ ਤੋਂ ਪਾਠਕਾਂ ਦੀ ਮੰਗ ਸੀ ਕਿ 'ਅੰਮ੍ਰਿਤ ਕੀਰਤਨ' ਦਾ ਆਕਾਰ ਵੱਡਾ ਕੀਤਾ ਜਾਵੇ। ਇਸ ਨਾਲ 'ਅੰਮ੍ਰਿਤ ਕੀਰਤਨ ਟ੍ਰਸਟ' ਉਤੇ ਹੋਰ ਆਰਥਿਕ ਭਾਰ ਪੈਣ ਦੀ ਸੰਭਾਵਨਾ ਹੈ। ਪਰ ਸਾਨੂੰ ਆਪਣੇ ਸੁਹਿਰਦ ਪਾਠਕਾਂ, ਸਰਪ੍ਰਸਤਾਂ ਅਤੇ ਸਹਿਯੋਗੀਆਂ ਉਪਰ ਬਹੁਤ ਮਾਣ ਹੈ ਆਸ ਹੈ ਕਿ ਉਹ ਯੋਗ ਸਹਾਇਤਾ ਕਰਨਗੇ ਅਤੇ ਹੋਰ ਸੰਸਥਾਵਾਂ ਤੇ ਵਪਾਰਕ ਅਦਾਰਿਆਂ ਪਾਸੋਂ ਆਰਥਿਕ ਸਹਾਇਤਾ ਦਿਵਾਉਣਗੇ।

ਤੁਹਾਡੇ ਹੁੰਗਾਰੇ ਦੀ ਉਡੀਕ ਵਿੱਚ

ਸ਼ੁਭ ਚਿੰਤਕ

ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ)

ਜਦੋਂ ਵਾਹਿਗੁਰੂ ਦੇ ਨੂਰ ਨੂੰ ਅੰਦਰ ਪ੍ਰਵੇਸ਼ ਕਰਨ ਦਾ ਸੱਦਾ ਦੇਈਏ ਤਾਂ ਅਧਿਆਤਮਕ ਮਾਰਗ ਦੀਆਂ ਔਕੜਾਂ ਸੁਤੇ ਹੀ ਦੂਰ ਹੋਣ ਲੱਗ ਪੈਂਦੀਆਂ ਹਨ। ਕਹਿੰਦੇ ਹਨ, ਹਜ਼ਰਤ ਮੁਹੰਮਦ ਸਾਹਿਬ ਨੂੰ ਜਦ ਵੀ ਔਕੜ ਪ੍ਰਤੀਤ ਹੁੰਦੀ, ਉਹ ਰੋ-ਰੋ ਕੇ ਰੱਬ ਅੱਗੇ ਦੁਆ ਕਰਦੇ ਸਨ ਤੇ ਉਸ ਪਾਸੋਂ ਰੋਸ਼ਨੀ ਮੰਗਦੇ ਸਨ। ਦਸੀਦਾ ਹੈ ਕਿ ਅਰਦਾਸ ਕਰਦਿਆਂ ਉਹਨਾਂ ਦਾ ਸਾਰਾ ਸਰੀਰ ਥਰ-ਥਰ ਕੰਬਣ ਲਗ ਪੈਂਦਾ, ਤੇ ਅੱਥਰੂਆਂ ਤੇ ਪਸੀਨੇ ਨਾਲ ਸਾਰਾ ਜਾਮਾ ਤਰ ਹੋ ਜਾਂਦਾ ਸੀ। ਕਈ-ਦਿਨ ਬਿਨਾਂ ਖਾਧੇ-ਪੀਤੇ ਇਸੇ ਹਾਲਤ ਵਿੱਚ ਪਏ ਰਹਿੰਦੇ ਸਨ। ਜਦੋਂ ਰੱਬ ਦਾ ਨੂਰ ਅੰਦਰੋਂ ਝਲਕਾਰੇ ਮਾਰਨ ਲਗ

# ਅਰਦਾਸ ਦੀ ਸਾਂਝੀਵਾਲਤਾ

ਡਾ: ਜਸਵੰਤ ਸਿੰਘ ਨੇਕੀ

ਪੈਂਦਾ ਸੀ ਤਦ ਉਠਦੇ ਸਨ। ਓਦੋਂ ਜੋ ਬਚਨ ਵੀ ਉਹਨਾਂ ਦੇ ਮੂੰਹੋਂ ਨਿਕਲਦਾ ਸੀ ਉਹ ਕਲਾਮ-ਅੱਲਾਹ ਕਰਕੇ ਸਵੀਕਾਰਿਆ ਜਾਂਦਾ ਸੀ। ਸਾਰਾ ਕੁਰਾਨ ਮਜੀਦ ਅਜਿਹੇ ਬਚਨਾਂ ਦਾ ਹੀ ਸੰਗ੍ਰਹਿ ਹੈ। ਕੁਰਾਨ ਸ਼ਰੀਫ਼ ਵਿਚ ਮੁਸਲਮਾਨਾਂ ਵਾਸਤੇ ਜੋ ਰਹਿਤ ਦਰਜ ਹੈ, ਉਸ ਮੁਤਾਬਕ ਪੰਜ ਵੇਲੇ ਨਮਾਜ਼ ਜਾਂ ਅਰਦਾਸ ਕਰਨੀ ਜ਼ਰੂਰੀ ਹੈ। ਨਮਾਜ਼ ਦਾ ਅਰੰਭ ਕਲਮੇ ਨਾਲ ਹੁਦਾ ਹੈ, ਤੇ ਇਹ ਕਲਮਾ ਆਪਣ ਆਪ ਵਿੱਚ ਇੱਕ ਮੁਕੰਮਲ ਅਰਦਾਸ ਹੈ:

ਹੇ ਸੰਸਾਰ ਦੇ ਮਾਲਕ, ਉਦਾਰ ਤੇ ਦਇਆਲ ਅੱਲਾਹ,<br>
ਅਸੀਂ ਤੇਰਾ ਗੁਣਾਨਬਾਦ ਕਰਦੇ ਹਾਂ।<br>
ਹੇ ਕਿਆਮਤ ਦੇ ਦਿਨ ਦੇ ਅਧਿਕਾਰੀ,<br>
ਅਸੀਂ ਤੇਰੀ ਸੇਵਾ ਤੇ ਸਹਾਇਤਾ ਮੰਗਦੇ ਹਾਂ।<br>
ਸਾਨੂੰ ਉਹ ਰਸਤਾ ਦਿਖਾਲ<br>
ਜਿਸ ਤੇ ਚਲਦਿਆਂ ਤੇਰੀ ਦੁਆ ਪ੍ਰਾਪਤ ਹੋਵੇ।<br>
ਆਪਣੇ ਮਨਜ਼ੂਰ ਕੀਤੇ ਸੱਚੇ ਮਾਰਗ ਤੇ ਪਾ -<br>
ਉਸ ਕੁਮਾਰਗ ਤੇ ਨਹੀਂ,<br>
ਜਿਸ ਤੇ ਤੁਰਿਆਂ ਤੇਰੀ ਨਜ਼ਰ 'ਚੋਂ ਡਿਗ ਜਾਈਏ।

— ਕੁਰਾਨ ਮਜੀਦ : ਨਮਾਜ਼ ਵਿਚੋਂ

ਇਸੇ ਭਾਵਨਾ ਦੀ ਅਰਦਾਸ ਪਾਰਸੀ ਧਰਮ ਦੀ ਧਰਮ-ਪੁਸਤਕ ਗਾਥਾ ਵਿਚ ਵੀ ਆਉਂਦੀ ਹੈ:

ਹੇ ਅਹੁਰਮਜ਼ਦ !<br>
ਮੈਨੂੰ ਐਸੀ ਬੁਧੀ ਦੇਹ ਜਿਸ ਨਾਲ ਮੈਂ<br>
ਸੋਚ ਸਮਝ ਕੇ ਕੰਮ ਕਰਾਂ ਅਤੇ ਆਪਣੇ ਫਰਜ਼ ਪੂਰੇ ਕਰਾਂ।<br>
ਨੇਕੀ ਦੀ ਦੌਲਤ ਦੇ,<br>
ਜਿਸ ਤੋਂ ਹੋਰ ਸਭ ਦੌਲਤਾਂ ਪ੍ਰਾਪਤ ਹੁੰਦੀਆਂ ਹਨ।<br>
ਮੈਨੂੰ ਧੀਰਜ ਦੇ, ਸਿੱਧਾ ਰਾਹ ਵਿਖਾ :<br>
ਉਹ ਰਾਹ ਜੋ ਤੇਰਾ ਮਾਰਗ ਹੈ ਤੇ ਤੇਰੇ ਤੀਕ ਪਹੁੰਚਦਾ ਹੈ।

ਜਦੋਂ ਵੀ ਅਰਦਾਸ ਦੀ ਭਾਵਨਾ ਉਤੇਜਿਤ ਹੁੰਦੀ ਹੈ, ਇਉਂ ਜਾਪਣ ਲਗਦਾ ਹੈ ਕਿ ਉਸ 'ਵਡ-ਪੁਰਖ' ਦੀ ਸ਼ਰਨ ਵਿਚ ਹੀ ਸਾਡੀ ਸੁਰੱਖਿਆ ਹੈ ਜੈਨ ਅਰਦਾਸ ਵੀ ਇਸੇ ਗੱਲ ਦੀ ਸ਼ਾਹਦੀ ਭਰਦੀ ਹੈ:

ਸਮਸਤ ਸੰਸਾਰ ਤੋਂ ਬਾਹਰੇ,<br>
ਵਿਚਾਰ ਰੂਪ ਸੁਖ ਸੁਭਾ ਵਾਲੇ, ਹੇ ਉੱਤਮ ਗਿਆਨ,<br>
ਸਮਾਧੀ ਦੀ ਉੱਚ ਅਵਸਥਾ ਰਾਹੀਂ ਪ੍ਰਾਪਤ ਹੋਣ ਵਾਲੇ<br>
ਹੇ ਦੇਵਾਨ ਦੇਵ ਪਰਮ ਆਤਮਾ,<br>
ਤੂੰ ਮੇਰੇ ਹਿਰਦੇ ਵਿਚ ਪ੍ਰਵੇਸ਼ ਕਰ !

— — —

ਜੋ ਕੋਈ ਵੀ ਇਸ ਨਿਰਮਲ ਤੇ ਨਿਰਗੁਣ ਪਰਮ-ਆਤਮਾ<br>
ਦੀ ਸ਼ਰਨ ਲੈਂਦਾ ਤੇ ਉਸ ਨਾਲ ਲਿਵ ਜੋੜਦਾ ਹੈ,<br>
ਪਰਮ ਗਤੀ ਨੂੰ ਪ੍ਰਾਪਤ ਹੁੰਦਾ।

— ਅਮਿਤ ਗਤੀ ਸਮਾਯਿਕ ਪਾਠ।

ਪਰਮ ਆਤਮਾ ਦੀ ਸ਼ਰਨ ਲੈਣ ਨਾਲ ਮਨੁਖ ਇਉਂ ਪ੍ਰਤੀਤ ਕਰਦਾ ਹੈ ਜਿਵੇ ਉਹ ਸ੍ਰੇਸ਼ਠ ਆਤਮਾਵਾਂ ਦੀ ਸੰਗਤ ਦਾ ਸਦੱਸ ਹੋ ਗਿਆ ਹੋਵੇ। ਉਸ ਨੂੰ ਉਹ ਹੋਂਦ ਪਿਆਰੀ ਲਗਦੀ ਹੈ ਜਿਸ ਦੀ ਉਸ ਨੇ ਸ਼ਰਨ ਪਕੜੀ ਹੈ। ਉਹ ਰੰਗ ਪਿਆਰਾ ਲਗਦਾ ਹੈ ਜਿਸ ਵਿਚ ਉਹ ਰੰਗੀਜ ਗਿਆ ਹੈ। ਉਹ ਜਥੇਬੰਦੀ ਸੁਹਾਵੀ ਲਗਦੀ ਹੈ ਜਿਸ ਦਾ ਉਹ ਅੰਗ ਹੋ ਗਿਆ ਹੈ। ਬੁਧ ਧਰਮ ਦੀ ਪ੍ਰਮਾਣਿਕ ਅਰਦਾਸ ਇਸੇ ਅਵਸਥਾ ਨੂੰ ਪ੍ਰਤਿਬਿੰਬਤ ਕਰਦੀ ਹੈ:

ਮੈਂ ਬੁੱਧ ਦੀ ਸ਼ਰਨ ਲੈਂਦਾ ਹਾਂ।<br>
ਮੈਂ ਅਟੱਲ ਕਾਨੂੰਨ (ਧਰਮ) ਦੀ ਸ਼ਰਨ ਲੈਂਦਾ ਹਾਂ।<br>
ਮੈਂ ਪਾਵਨ ਜਥੇਬੰਦੀ ਸੰਘ) ਦੀ ਸ਼ਰਨ ਲੈਂਦਾ ਹਾਂ।

ਯਹੂਦੀਆਂ ਦੀ ਰਵਾਇਤੀ ਅਰਦਾਸ 'ਆਮੀਦਾਹ' ਵਿਚ ਰੱਬ ਨੂੰ ਜੀਵਨ ਦਾ ਸੋਮਾ ਤੇ ਜੀਆਂ ਦਾ ਆਧਾਰ ਕਰ ਕੇ

ਸੰਬੋਧਨ ਕੀਤਾ ਗਿਆ ਹੈ ਤੇ ਉਸ ਦੀ ਮੇਹਰ ਲਈ ਸ਼ੁਕਰ-ਗੁਜ਼ਾਰੀ ਕੀਤੀ ਗਈ ਹੈ। ਇਸ ਅਰਦਾਸ ਦੇ ਅੰਤਲੇ ਭਾਗ ਵਿਚ ਅਮਨ ਤੇ ਸੁਰੱਖਿਆ ਲਈ ਵੀ ਪ੍ਰਾਰਥਨਾ ਹੈ। ਯਹੂਦੀ ਜਗਿਆਸੂ ਨੂੰ ਆਦੇਸ਼ ਦਿਤਾ ਜਾਂਦਾ ਹੈ : 'ਜੋ ਵੀ ਕੋਈ ਅਰਦਾਸ ਵਿਚ ਜੁੜਨਾ ਲੋਚਦਾ ਹੈ ਉਸ ਲਈ ਲਾਜ਼ਮੀ ਹੈ ਕਿ ਉਹ ਆਪਣੀਆਂ ਅੱਖਾਂ ਨੀਵੀਆਂ ਰੱਖੇ ਤੇ ਸੁਰਤ ਉੱਚੀ।'' ਇਜ਼ਰਾਈਲ ਨੂੰ ਰੱਬ ਨੇ ਫ਼ੁਰਮਾਨ ਕੀਤਾ : 'ਤੁਹਾਨੂੰ ਹੁਕਮ ਹੈ ਕਿ ਆਪਣੇ ਨਗਰ ਦੇ ਮੰਦਰ ਵਿੱਚ ਅਰਦਾਸ ਕਰੋ। ਜੇ ਉਥੇ ਨਹੀਂ ਕਰ ਸਕਦੇ ਤਾਂ ਆਪਣੀ ਪੈਲੀ ਵਿੱਚ ਹੀ ਕਰੋ। ਜੇਕਰ ਪੈਲੀ ਵਿੱਚ ਵੀ ਨਹੀਂ ਕਰ ਸਕਦੇ ਤਾਂ ਬਿਸਤਰੇ ਤੇ ਪਿਆਂ ਹੀ ਕਰੋ। ਜੇ ਉਥੇ ਵੀ ਨਹੀਂ ਤਾਂ ਆਪਣੇ ਦਿਲ ਵਿੱਚ ਹੀ ਮੈਨੂੰ ਯਾਦ ਕਰੋ, ਤੇ ਸ਼ਾਂਤੀ ਦੇ ਭਾਗੀ ਬਣੋ।''

ਸਿਦਕਵਾਨਾਂ ਨੂੰ ਵਾਹਿਗੁਰੂ ਦੀ ਮਿਹਰਾਮਤ ਚੰਗੇ-ਮੰਦੇ ਸਭਨਾਂ ਤੇ ਇਕਸਾਰ ਵਰਤ ਰਹੀ ਪ੍ਰਤੀਤ ਹੁੰਦੀ ਹੈ :

ਉਸ ਦਾ ਸੂਰਜ ਚੰਗਿਆਂ ਤੇ ਮੰਦਿਆਂ,
ਦੋਹਾਂ ਲਈ ਇਕਸਾਰ ਚੜ੍ਹਦਾ ਹੈ।
ਉਸ ਦੀ ਵਰਖਾ ਵੀ ਨਿਆਈ ਤੇ ਅਨਿਆਈ,
ਦੋਹਾਂ ਲਈ ਇਕੋ ਜਹੀ ਵਸਦੀ ਹੈ। —ਇੰਜੀਲ

ਈਸਾਈ ਧਰਮ ਵਿਚ ਅਰਦਾਸ ਨੂੰ ਆਤਮਾ ਦਾ ਪ੍ਰਾਣ, ਕਿਹਾ ਗਿਆ ਹੈ। ਜਿਵੇਂ ਪ੍ਰਾਣਾਂ ਤੋਂ ਬਿਨਾ ਕੋਈ ਜੀ ਨਹੀਂ ਸਕਦਾ, ਉਵੇਂ ਅਰਦਾਸ ਤੋਂ ਬਿਨਾ ਆਤਮਾ ਪ੍ਰਫੁਲਤ ਨਹੀਂ ਹੋ ਸਕਦਾ। ਤੇ ਆਤਮਾ ਤੋਂ ਬਗੈਰ ਧਰਮ ਕੇਹਾ ? ਈਸਾਈ ਧਰਮ ਵਿਚ ਅਰਦਾਸ ਇਕ ਬੜੀ ਪ੍ਰਫੁਲਤ ਸੰਸਥਾ ਹੈ। ਕਈ ਲੋਕ ਤਾਂ ਇਸ ਨੂੰ ਈਸਾਈ ਧਰਮ ਦਾ ਮੂਲਾਧਾਰ ਮੰਨਦੇ ਹਨ।

ਸਿਖ ਧਰਮ ਵਿਚ ਵੀ ਅਰਦਾਸ ਦਾ ਬੜਾ ਮਹੱਤਵ ਹੈ। ਗੁਰਮਤਿ ਸਾਧਨਾ ਦੇ ਤਿੰਨ ਮੁਖ ਅੰਗ ਹਨ: ਸਿਮਰਨ, ਸੇਵਾ ਤੇ ਅਰਦਾਸ। ਸੇਵਾ ਥੀਂ ਨਿੰਮ੍ਰਤਾ ਪੈਦਾ ਹੁੰਦੀ ਹੈ, ਜਿਸ ਤੋਂ ਅਰਦਾਸ ਪ੍ਰਪੱਕ ਹੁੰਦੀ ਹੈ। ਅਰਦਾਸ ਦੀ ਸਹਾਇਤ ਨਾਲ ਸਿਮਰਨ ਵਿਚ ਵਾਧਾ ਹੁੰਦਾ ਹੈ। ਇਉਂ ਅਰਦਾਸ ਗੁਰਮਿਤ ਦਾ ਕੇਂਦਰੀ ਸਧਾਨ ਹੈ। ਸਿਖ ਨੂੰ ਅਦੇਸ ਹੈ ਕਿ ਉਹ ਆਪਣਾ ਦੁਖ ਸੁਖ ਅਰਦਾਸ ਰਾਹੀਂ ਵਹਿਗੁਰੂ ਨਾਲ ਸਾਂਝਾ ਕਰੇ ਤੇ ਉਸ ਦੀ ਪਾਵਨ ਸ਼ਰਨ ਦਾ ਆਸਰਾ ਭਾਲੇ:

ਜੀਅ ਕੀ ਬਿਰਥ ਹੋਇ ਸੁ ਗੁਰ ਪਹਿ ਅਰਦਾਸਿ ਕਰਿ।
ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ।
-ਗੁਜਰੀ ਵਾਰ ਮ: ੫ (519/11)

ਵੱਖ ਵੱਖ ਧਰਮਾਂ ਦੀਆਂ ਅਰਦਾਸਾਂ ਉਪਰ ਮਾਰੀ ਇਸ ਸੰਖੇਪ ਜਿਹੀ ਝਾਤ ਤੋਂ ਪ੍ਰਤੱਖ ਜਾਪਦਾ ਹੈ ਕਿ ਸਿਦਕ ਤੇ ਅਰਦਾਸ ਦੀ ਭਾਵਨਾ ਮਨੁਖਤਾ ਦੀ ਸਰਬ ਸਾਂਝੀ ਪੂੰਜੀ ਹੈ। ਬੋਲੀ ਭਾਵੇਂ ਵਖਰੀ ਹੋਵੇ, ਬੋਲ ਭਾਵੇਂ ਅੱਡ ਹੋਣ, ਪਰ ਬੋਲਾਂ ਪਿਛੇ ਵਰਤਦਾ ਤਰਲਾ ਸਦਾ ਉਹੀ ਹੁੰਦਾ ਹੈ। ਧਰਮਾਂ ਦੀਆਂ ਅਰਦਾਸਾਂ ਦੀ ਭਾਵੁਕ ਸਾਂਝ ਵੱਖ ਵੱਖ ਧਰਮਾਂ ਵਾਲਿਆਂ ਨੂੰ ਆਤਮਿਕ ਮੰਡਲ ਦੀ ਅਦੁਤੀ ਸਾਂਝੀਵਾਲਤਾ ਵਿੱਚ ਪਰੋ ਦਿੰਦੀ ਹੈ।

ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।
ਮਾਝ ਮ: ੫ (97/8)

ਅਰਦਾਸ ਭਾਵੇਂ ਸਭਨਾਂ ਧਰਮਾਂ ਦਾ ਪ੍ਰਮੁਖ ਅੰਗ ਹੈ, ਸਿੱਖ ਧਰਮ ਵਿਚ ਇਸ ਨੂੰ ਇਕ ਵਿਸ਼ੇਸ਼ ਸੰਸਥਾ ਦਾ ਥਾਨ ਪ੍ਰਾਪਤ ਹੈ। ਸਿੱਖ ਅਰਦਾਸ ਇਸ਼ਟ ਦਾ ਮੰਗਲ ਵੀ ਹੈ, ਕੌਮੀ ਇਤਿਹਾਸ ਦਾ ਖ਼ੁਲਾਸਾ ਵੀ ਹੈ, ਪੰਥਕ ਆਕਾਂਖਿਆਵਾਂ ਦੀ ਦਸਤਾਵੇਜ਼ ਵੀ, ਤੇ ਹਰ ਸਿੱਖ ਲਈ ਨਿੰਰਕਾਰ ਨਾਲ ਜੁੜਨ ਦਾ ਸਾਧਨ ਵੀ।

ਪੁਸਤਕ-'ਅਰਦਾਸ' ਵਿਚੋਂ ਧੰਨਵਾਦ ਸਹਿਤ)

# ਕੀਰਤਨ ਅਤੇ ਬਿਰਤੀ

ਡਾ. ਸੁਰਜੀਤ 'ਕੁੰਜਾਹੀ'

ਭਾਰਤ ਦੀਆਂ ਸੰਗੀਤ ਪਰੰਪਰਾਵਾਂ ਵਿਚ ਮੂਲ ਅੰਗ ਰਾਗ ਹੈ। ਰਾਗਾਂ ਨੂੰ ਸਮੇਂ ਅਤੇ ਸਰੋਤਿਆਂ ਦੀ ਅਧਿਆਤਮਕ ਅਵਸਥਾ ਦੇ ਤਾਲਮੇਲ ਨਾਲ ਭਗਤੀ ਮਾਰਗ ਵਿਚ ਜਿਨੀ ਮਹਾਨਤਾ ਗੁਰੂ ਘਰ ਵਿਚ ਦਿਤੀ ਗਈ ਹੈ, ਉਸ ਦੇ ਬਰਾਬਰ ਬਾਕੀ ਮੱਤਾਂ ਵਿਚ ਇਹ ਓਨੀ ਪ੍ਰਵੀਨਤਾ ਪ੍ਰਾਪਤ ਨਹੀਂ ਕਰ ਸਕੀ। ਗੁਰੂ ਘਰ ਦੀ ਇਕ ਹੋਰ ਵੀ ਬੜੀ ਵਡਿਆਈ ਹੈ। ਇਸ ਵਿਚ ਹਰ ਧਰਮ ਦੇ ਮੰਨਣ ਵਾਲੇ ਨੂੰ ਆਪਣੇ ਇਸ਼ਟ ਦੇ ਦਰਸ਼ਨ ਹੋ ਜਾਂਦੇ ਨੇ। ਗੁਰੂ ਗਰੰਥ ਸਾਹਿਬ ਵਿਚ ਜਿਥੇ ਗੁਰੂ ਨਾਨਕ ਦੇਵ ਜੀ ਅਤੇ ਹੋਰ ਸਤਿਕਾਰਯੋਗ ਗੁਰੂ ਸਾਹਿਬਾਨ ਦੀ ਪਵਿਤਰ ਬਾਣੀ ਵੱਖ-ਵੱਖ ਰਾਗਾਂ ਵਿਚ ਲਿਖੀ ਦਰਜ ਹੈ, ਉਥੇ ਹੋਰ ਭਗਤਾਂ ਦੀ ਬਾਣੀ ਸੂਫ਼ੀਆਂ ਫਕੀਰਾਂ ਦੀ ਬਾਣੀ ਵੀ ਜੋ ਪ੍ਰਵਾਨ ਹੋਈ ਹੈ, ਦਰਜ ਕੀਤੀ ਗਈ ਹੈ। ਇਸ ਲਈ ਗੁਰਬਾਣੀ ਦੇ ਇਹਨਾਂ ਸ਼ਬਦਾਂ ਵਿਚ ਵਾਹਿਗੁਰੂ ਦੀ ਉਸਤਤੀ ਦੇ ਨਾਲ ਨਾਲ ਮਨ ਦੀ ਚੰਚਲਤਾ ਸ਼ਾਂਤ ਕਰਨ ਵਾਲਾ ਵਰਨਣ ਵੀ ਮਨੁੱਖੀ ਹਿਰਦੇ ਅਤੇ ਕੰਨਾਂ ਵਿਚ ਅੰਮ੍ਰਿਤ ਵਰਖਾ ਕਰਦਾ ਹੈ। ਕੀਰਤਨ ਇਕ ਬੜੀ ਵਡਮੁਲੀ ਦਾਤ ਗੁਰੂ ਘਰ ਤੋਂ ਗੁਰੂ ਦੀ ਸੰਗਤ ਨੂੰ ਪ੍ਰਾਪਤ ਹੋਈ ਹੈ। ਕੀਰਤਨ ਕਰਕੇ ਸੰਸਾਰ ਦੇ ਘੋਰ ਹਨੇਰੇ ਵਿਚ ਭਟਕਦੀ ਅਤੇ ਵਿਆਕੁਲਤਾ ਨਾਲ ਤੜਫਦੀ ਹੋਈ ਲੁਕਾਈ ਨੂੰ ਇਸ ਹਨੇਰੇ 'ਚੋਂ ਚਾਨਣ ਦੀ ਕਿਰਨ ਨਜ਼ਰੀਂ ਪੈਂਦੀ ਹੈ। ਮਨੁੱਖ ਭਾਵੇਂ ਕਿਸੇ ਜਾਤੀ, ਪ੍ਰਾਂਤ ਅਥਵਾ ਦੇਸ਼ ਦਾ ਵਾਸੀ ਹੋਵੇ, ਉਹਦੇ ਦੁਆਲੇ ਇਕੋ ਜਹੀਆਂ ਸਮੱਸਿਆਵਾਂ ਦਾ ਜਮਘਟਾ ਖਲੋਤਾ ਉਹਨੂੰ ਮਾਨਸਿਕ ਤੌਰ ਤੇ ਰੋਗੀ ਬਣਾ ਦੇਂਦਾ ਹੈ। ਸੰਸਾਰ ਰੂਪੀ ਵਗਦੇ ਦਰਿਆ ਦੇ ਸੁੱਖ ਦੁੱਖ ਦੇ ਦੋਵੇਂ ਕਿਨਾਰੇ ਇਸ ਰੋੜ੍ਹ ਨੂੰ ਆਪਣੀ ਹਿਕ ਨਾਲ ਧੱਕੀ, ਸਮਿਆਂ ਤੋਂ ਖਲੋਤੇ ਹੋਏ ਨੇ। ਸੁਖਾਂਵੇਂ ਵਕਤ ਲੰਘ ਜਾਂਦਿਆਂ ਪਤਾ ਨਹੀਂ ਲਗਦੇ ਪਰ ਦੁੱਖ ਦੀਆਂ ਘੜੀਆਂ ਕੱਟਣੀਆਂ ਡਾਢੀਆਂ ਔਖੀਆਂ ਹੁੰਦੀਆਂ ਹਨ। ਗੁਰਬਾਣੀ, ਮਨੁੱਖ ਦੇ ਸੁਭਾਅ ਨੂੰ ਨਵਾਂ ਰਸਤਾ ਵਿਖਾਂਦੀ ਹੈ ਅਤੇ ਇਸ ਦੇ ਪ੍ਰਭਾਵ ਸਦਕਾ ਔਖੀ ਘੜੀ ਵਾਹਿਗੁਰੂ ਦਾ ਭਾਣਾ ਸਮਝ ਕੇ ਸੁਖਾਵੀਂ ਹੋ ਲੰਘ ਜਾਂਦੀ ਹੈ।

ਕੀਰਤਨ ਦੀਆਂ ਕਈ ਪਰੰਪਰਾਵਾਂ ਹਨ ਜਿਨ੍ਹਾਂ ਬਾਰੇ ਕੁਝ ਸਮਾਂ ਪਹਿਲਾਂ ਅੰਮ੍ਰਿਤ ਕੀਰਤਨ ਵਿਚ ਲੇਖ ਛਪ ਚੁੱਕਾ ਹੈ। ਇਹ ਸਭ ਰਾਗੀ ਆਪਣੀ ਆਪਣੀ ਮਤਿ ਅਨੁਸਾਰ ਸਰੋਤਿਆਂ ਦੇ ਹਿਰਦਿਆਂ ਤੇ ਵਾਹਿਗੁਰੂ ਅਤੇ ਉਹਦੀ ਬਣਾਈ ਸ੍ਰਿਸ਼ਟੀ ਬਾਰੇ ਪ੍ਰਭਾਵ ਪਾਉਂਦੇ ਆਏ ਨੇ। ਉਹ ਕਿਹੜਾ ਜਾਦੂ ਹੈ ਜੋ ਹਰ ਪ੍ਰਕਾਰ ਦੇ ਹਿਰਦੇ ਨੂੰ ਦਰਵਿਤ ਕਰ ਦੇਂਦਾ ਹੈ। ਇਸ ਲੇਖ ਦਾ ਮੰਤਵ ਇਸ ਰਹੱਸ ਨੂੰ ਕੁਝ ਹੋਰ ਉਘਾੜ ਕੇ ਬਿਰਤੀ ਨਾਲ ਜੋੜਨਾ ਹੈ।

ਸੰਗੀਤ ਵਿਚ ਹਰ ਰਾਗਾਂ ਦੀਆਂ ਲਗਾਂ ਮਾਤਰਾਂ ਅਤੇ ਬੰਦਿਸ਼ ਕਿਸੇ ਗਰਾਮਰ ਵਿਚ ਬੱਝੀ ਹੈ। ਸਮੇਂ ਦੇ ਨਾਲ ਉਚਾਰਨ ਕੀਤੀ ਗਈ ਬਾਣੀ ਇਸ ਪਰਪਾਟੀ ਦੇ ਸੁਭਾਅ ਨਾਲ ਕਦਮ ਤਾਲ ਕਰਦੀ ਹੋਈ ਰੂਹਾਨੀਅਤ ਦੇ ਖੁਲ੍ਹੇ ਖਿਲਾਰ ਵਿਚੋਂ ਰੱਜ ਕੇ ਪੰਡਾਂ ਬੰਨ੍ਹ ਬੰਨ੍ਹ ਸਰੋਤਿਆਂ ਲਈ ਧਰਦੀ ਰਹੀ ਹੈ। ਮਨ ਦੀ ਅਵੱਸਥਾ ਨੂੰ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਤੀਖਣ ਨੀਝ ਨੇ ਚੰਗੀ ਤਰ੍ਹਾਂ ਪਛਾਣ ਲਿਐ। ਇਸ ਦੀ ਚੰਚਲਤਾ ਅਤੇ ਅਸਥਿਰਤਾ ਨੂੰ ਕਾਬੂ ਕਰਨ ਦੇ ਸੌਖੇ ਤਰੀਕੇ ਦਰਸਾਏ ਹਨ। ਸੰਗੀਤ ਆਪਣੀ ਥਾਵੇਂ ਆਪਣੀ ਮਧੁਰਤਾ, ਨਜ਼ਾਕਤ, ਹੁਸਨ ਸੁੰਦਰਤਾ, ਅਸਰ ਇਸਤੇਮਾਲ ਕੀਤੇ ਗਏ ਸਾਜ਼ ਅਤੇ ਤਾਲ ਯੰਤਰ ਮੁਤਾਬਕ ਕੰਨਾਂ ਵਿਚ ਅੰਮ੍ਰਿਤ ਰਸ ਪਾਉਂਦਾ ਹੈ ਅਤੇ ਗੁਰਬਾਣੀ ਦੇ ਉਚਿਤ ਸਥਿਤੀ ਲਈ ਧੁਰੋਂ ਉਤਰੇ ਗੁਰੂ ਸ਼ਬਦ ਦੇ ਪਤਾਸੇ ਇਸ ਅੰਮ੍ਰਿਤ ਵਿਚ ਘੁਲ ਜਾਂਦੇ ਹਨ। ਇਸ ਪ੍ਰਕਾਰ ਕੀਰਤਨ ਇਕ ਐਸੀ ਇਲਾਹੀ ਤੇ ਅਦੁੱਤੀ ਦੇਣ ਹੈ ਕਰਤੇ ਦੀ ਮਨੁੱਖ ਜਾਤੀ ਲਈ, ਜਿਸ ਦੀ ਸਰਸ਼ਾਰ ਭਿੰਨੀ ਭਿੰਨੀ ਵਰਖਾ ਵਿਚ ਨਾ ਕੇਵਲ ਅਸ਼ਾਂਤ ਮਨ ਨੂੰ ਪ੍ਰਾਪਤ ਕਰਾਂਦੀ ਹੈ, ਬਲਕਿ ਤਪਸ਼ ਮਾਰੇ ਸਰੀਰ ਤੇ ਮਨ ਦਾ ਲੂੰਅ ਲੂੰਅ ਖਿੜ ਜਾਂਦਾ ਹੈ। ਇਹ ਹਿਰਦੇ ਵਿਚ ਜਦੋਂ ਵਾਸ ਕਰ ਲੈਂਦਾ ਹੈ ਤਾਂ ਦਿਬ ਦ੍ਰਿਸ਼ਟੀ ਰਾਹੀਂ ਸਾਕਸ਼ਾਤ ਪ੍ਰਭੂ ਦੇ ਦਰਸ਼ਨ ਹੋ ਜਾਂਦੇ ਹਨ। ਕਦੀ ਇਹ ਕੌਤਕ ਮਨ ਦੇ ਦਰਵਿਤ ਪਟ ਉੱਤੇ ਇਕ ਅਦੁੱਤੀ ਮੂਰਤ ਵਾਹ ਕੇ ਅਲੋਪ ਹੋ ਜਾਂਦੇ। ਘੋਖ ਕਰਨ ਵਾਲੇ ਹਿਰਦੇ ਪ੍ਰਭੂ ਦਰਸ਼ਨਾਂ ਲਈ ਪਪੀਹੇ ਵਾਂਗ ਵਿਰਲਾਪ ਕਰ ਕਰ ਕੇ ਯਾਚਨਾਂ ਕਰਦੇ ਹਨ ਤੇ ਇਸ ਤੋਂ ਉੱਘੜੀਆਂ ਰੇਖਾਵਾਂ ਵਿਚ ਹੀ ਉਸ ਕੌਤਕ ਦੇ ਫੇਰ ਦੀਦ ਕਰ ਲੈਂਦੇ ਹਨ।

ਕੀਰਤਨ ਕਰਨ ਵਾਲੇ ਅਤੇ ਸੁਨਣ ਵਾਲੇ ਵਿਚ ਵੀ ਇਕ ਧੁਰੋਂ ਮਿਲਿਆ ਪਿਆਰ ਭਰਿਆ ਨਾਤਾ ਹੁੰਦਾ ਹੈ। ਇਹ ਬਿਨਾਂ ਸੰਜੋਗਾਂ ਦੇ ਪ੍ਰਾਪਤ ਨਹੀਂ ਹੁੰਦਾ। ਜੀਵਨ ਦੇ ਕਈ ਲੰਮੇ ਪੰਧ ਬੰਦਾ ਭਟਕਣਾਂ ਵਿਚ ਲੰਘਾ ਕੇ ਜਦੋਂ ਨੌਕਰੀ ਜਾਂ ਰੁਜ਼ਗਾਰ ਤੋਂ ਵਿਹਲਾ ਹੋ ਆਪਣੇ ਅੰਦਰ ਦੇ ਖਲਾਅ ਵਲ ਨਜ਼ਰ ਮਾਰਦਾ ਹੈ ਤਾਂ ਉਸ ਨੂੰ ਪਛਤਾਵੇ ਦਾ ਸੇਕ ਲੱਗਦਾ ਏ। ਕੋਈ ਭਾਗਾਂ ਵਾਲਾ ਸੁਭਾਗੜਾ ਜੀਊੜਾ ਇਸ ਨੂੰ ਗੁਰੂ ਚਰਨਾਂ ਨਾਲ ਜੋੜਦੇ ਤੇ ਅੰਮ੍ਰਿਤ ਕੀਰਤਨ ਦੇ ਤਰੌਂਕੇ ਇਹਦੇ ਦਵਾਰ ਖੋਲ੍ਹਦੇ ਹਨ। ਜਿਉਂ ਜਿਉਂ ਇਸ ਰਸ ਦਾ ਸਵਾਦਲਾ ਅਸਰ ਇਹਦੇ ਹਿਰਦੇ ਦੇ ਆਲੇ ਦੁਆਲੇ ਫੈਲਦਾ ਹੈ ਅੰਦਰ ਠਾਰ ਪੈਦਾ ਹੁੰਦਾ ਹੈ।

ਗੁਰਬਾਣੀ ਦੀ ਦਾਤ ਗੁਰੂ ਸਾਹਿਬਾਨ ਨੇ ਧੁਰੋਂ ਕਰਤੇ ਪਾਸੋਂ ਮੰਗ ਕੀਤੀ ਤੇ "ਜਲਤੀ ਪ੍ਰਿਥਮੀ ਦਿਸ ਆਈ" ਨੂੰ ਇਕ ਵਰਦਾਨ ਵਾਂਗ ਦਿੱਤੀ। ਗੁਰੂ ਕੀ ਬਾਣੀ ਧੁਰ ਕੀ ਬਾਣੀ "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ"। ਜਦੋਂ ਕੋਈ ਵਿਆਕੁਲ ਹਿਰਦਾ ਸੱਚੇ ਦਿਲੋਂ ਅਰਦਾਸ ਕਰਕੇ, ਵਜਦ ਵਿਚ ਆ ਕੇ ਗਾਉਂਦਾ ਹੈ ਤਾਂ ਸੁਰ ਤਾਲ ਆਪੇ ਨਾਲ ਹੋ ਤੁਰਦੇ ਹਨ। ਇਹ ਕਈ ਵਾਰੀ ਵੇਖਣ ਸੁਨਣ ਵਿਚ ਆਇਆ ਹੈ ਜਦੋਂ ਕੋਈ ਬੜੇ ਵੈਰਾਗਮਈ ਮਾਹੌਲ ਵਿਚ ਸਿਆਣਾ ਕੀਰਤਨੀਆਂ ਸੰਗਤ ਨੂੰ ਨਾਲ ਗਾਉਣ ਲਈ ਲੈ ਤੁਰਦੈ, ਤਾਂ ਹਰ ਕੰਠ ਵਿਚੋਂ ਸੁਰਸਤੀ ਸੰਗੀਤ ਦੀ ਵਰਖਾ ਕਰਦੀ ਹੈ। ਇਹੀ ਅੰਮ੍ਰਿਤ ਕੀਰਤਨ ਹੁੰਦਾ ਹੈ।

ਕੀਰਤਨ ਕਰਨ ਵਾਲੇ ਦੀ ਸਾਧਨਾਂ ਅਤੇ ਉਸ ਦੇ ਉਸਤਾਦ ਪੀਰ ਦੇ ਸਿਖਾਏ ਹੁਨਰ ਕਾਰਨ ਉਹ ਆਪਣੀ ਪਹਿਚਾਣ ਸੰਗਤਾਂ ਵਿਚ ਬਨਾਉਣ ਵਿਚ ਕਾਮਯਾਬ ਹੋ ਜਾਂਦੇ ਨੇ। ਸਿੱਖ ਸਮਾਜ ਉਹਨਾਂ ਦੀ ਰੱਜ ਕੇ ਸੇਵਾ ਅਤੇ ਮਾਇਆ ਅਰਦਾਸ ਕਰਾਕੇ ਆਪਣੇ ਹਿਰਦੇ ਵਿਚ ਆਏ ਗੁਰੂ ਸੰਦੇਸ਼ ਲਈ ਸ਼ੁਕਰਾਨੇ ਵਜੋਂ ਭੇਟਾ ਚੜ੍ਹਾਂਦੇ ਹਨ। ਇਨ੍ਹਾਂ ਰਾਗੀ ਸਿੰਘਾਂ ਦੇ ਆਪੋ ਆਪਣੇ ਪਰਿਵਾਰ ਅਤੇ ਉਹਨਾਂ ਦੀਆਂ ਸਮਾਜਕ ਜ਼ਿੰਮੇਵਾਰੀ ਦਾ ਨਿਭਾਅ ਇਸ ਸ਼ਬਦ ਭੇਟਾ ਕਰਨ ਹੀ ਨਿਭ ਰਿਹਾ ਹੈ। ਇਸ ਲਈ ਇਹ ਪਰੰਪਰਾ ਜੀਵਨ ਨਿਰਵਾਹ ਕਾਰਨ ਅਤਿ ਜ਼ਰੂਰੀ ਹੈ ਤੇ ਸੰਗਤਾਂ ਇਸ ਗੱਲ ਦਾ ਪੂਰਾ ਧਿਆਨ ਰਖਦੀਆਂ ਹਨ। ਕਈ ਗੁਰੂ ਦੇ ਸਵਾਰੇ ਇਸ ਮਾਇਆ ਦੀ ਵਰਤੋਂ ਆਪਣੇ ਨਿਜ਼ੀ ਖਰਚਿਆਂ ਲਈ ਨਹੀਂ ਕਰਦੇ ਅਤੇ ਧਰਮ ਕਾਰਜਾਂ ਵਿਚ ਇਸ ਮਾਇਆ ਨੂੰ ਲਗਾ ਕੇ ਦੂਹਰਾ ਜਸ ਕਮਾ ਰਹੇ ਨੇ। ਪਰ ਕੁਝ ਰਾਗੀ ਸਿੰਘ ਜੋ ਹੁਨਰ ਦੀ ਸਿਖਰ ਤੇ ਪੁਜ ਕੇ ਵੱਡੀਆਂ ਵੱਡੀਆਂ ਰਕਮਾਂ ਦੇ ਸੌਦੇ ਕਰਕੇ ਗੁਰੂ ਦੀ ਬਾਣੀ ਨਾਲ ਵਪਾਰ ਕਰਦੇ ਹਨ, ਉਹਨਾਂ ਨੂੰ ਅੰਦਰ ਝਾਤੀ ਮਾਰਨੀ ਚਾਹੀਦੀ ਹੈ। ਜੋ ਸਭਾਵਾਂ ਇਹ ਖ਼ਰਚਾ ਦੇ ਸਕਦੀਆਂ ਨੇ, ਉਹ ਬੇਸ਼ਕ ਲੈਣ, ਪਰ ਉਹਨਾਂ ਨੂੰ ਛੋਟੀਆਂ ਸਭਾਵਾਂ, ਥੋੜੇ ਬਜਟ ਵਾਲੇ ਸਥਾਨਾਂ ਤੇ ਵੀ ਉਸ ਪਿਆਰ ਅਤੇ ਸਨੇਹ ਸਦਕਾ ਜਾਣਾ ਚਾਹੀਦਾ ਹੈ ਜਿਸ ਦਾ ਉਹ ਪਰਚਮ ਲੈ ਕੇ ਪ੍ਰਚਾਰ ਕਰਦੇ ਨੇ।

ਕੀਰਤਨੀਆ ਸਿੰਘ ਨਾਮਬਾਣੀ ਦੇ ਅਰਥ ਅਤੇ ਸੰਗੀਤ ਦੇ ਪੂਰਨ ਗਿਆਨ ਕਾਰਨ ਇਕ ਮਹਾਨ ਹਸਤੀ ਹੁੰਦਾ ਹੈ। ਉਸ ਦੇ ਮੁਖਾਰ ਬਿੰਦ ਚੋਂ ਜੋ ਵੀ ਅੱਖਰ ਉਤਰਦਾ ਹੈ ਨਿਰੋਲ ਗੁਰਬਾਣੀ ਅਤੇ ਗੁਰਮਤ ਦਾ ਸਰੂਪ ਹੁੰਦਾ ਹੈ। ਐਸੇ ਸਵਰਗ ਦੇ ਵਾਤਾਵਰਨ ਵਿਚ ਬੈਠੇ ਸਰੋਤੇ ਆਪਣੇ ਆਪ ਨੂੰ ਸੰਸਾਰਿਕ ਝਮੇਲਿਆਂ ਦੀ ਪਰੇਸ਼ਾਨੀ ਕਾਰਨ ਆਜ਼ਾਦ ਹੋਇਆ ਮਹਿਸੂਸ ਕਰਦੇ ਹਨ। ਬਾਣੀ ਦੇ ਅੱਖਰ ਇੱਕ ਦੂਜੇ ਨਾਲ ਸੰਗਲ ਦੀ ਕੜੀ ਵਾਂਗ ਜੁੜੇ ਹੋਏ ਸੁਰ ਤਾਲ ਵਿਚ ਬੱਝੇ ਸੁਰੀਲੇ ਗਲੇ ਅਤੇ ਸੁੰਦਰ ਸੁਹਾਵਨੀ ਸਾਜ਼ ਧੁਨ ਨਾਲ ਘਿਓ ਖਿਚੜੀ ਹੋਏ ਜ਼ਿਹਨ ਵਿਚ ਉਤਰ ਜਾਂਦੇ ਨੇ। ਸਰੋਤੇ ਦਾ ਮਨ, ਹਿਰਦਾ, ਦਿਮਾਗ ਆਪਣੀ ਸੂਝ ਅਤੇ ਸਮਝ ਮੁਤਾਬਕ ਇਸ ਦੀ ਘੋਖ ਅੰਦਰੇ ਕਰਦਾ ਹੈ। ਸੁਰਤ ਵਿਚ ਇਕ ਘੂਕੀ ਦਾ ਆਨੰਦ ਅਤੇ ਇਸ ਅਨੰਦ ਰਾਹੀ ਬਿਰਤੀ ਨੂੰ ਟਿਕਾਅ ਮਿਲਦਾ ਹੈ। ਇਸ ਟਿਕਾਅ ਤੇ ਹੀ ਖਲੋਤਾ ਹੁੰਦਾ ਹੈ ਮਨੁੱਖ ਦਾ ਆਪਣਾ ਸੁਭਾਵ। ਵਜਦ ਵਿਚ ਆਏ ਸਿਰ ਮਾਰਦੇ ਅਚਾਨਕ ਭੁੱਬਾਂ ਮਾਰਕੇ ਰੋਣ ਵਾਲੇ ਸਿਰੜੀ ਕਈ ਦਰਬਾਰਾਂ ਵਿਚ ਨਜ਼ਰ ਆ ਜਾਂਦੇ ਨੇ। ਉਹ ਨੂੰ ਦੁਨੀਆਂ ਦੇ ਬਾਕੀ ਚੁਗਿਰਦੇ ਦੀ ਖਬਰ ਸਾਰ ਨਹੀਂ ਰਹਿੰਦੀ। ਬਿਰਤੀ ਦੀ ਇਸ ਅਵਸਥਾ ਨੂੰ ਹੀ ਆਨੰਦ ਦੀ ਸਥਿਤੀ ਕਿਹਾ ਜਾ ਸਕਦੈ।

ਸੰਗੀਤ, ਇਸ ਤਰ੍ਹਾਂ ਸਾਧਨਾਂ ਅਤੇ ਬਿਰਤੀ ਦੇ ਟਿਕਾਅ ਲਈ ਇਕ ਅੰਗ ਬਣ ਕੇ ਸਿਖ ਰਵਾਇਤ ਵਿਚ ਆਇਆ ਹੈ। ਬਾਬੇ ਨਾਨਕ ਨੇ ਜੋ ਬਾਣੀ ਉਚਾਰੀ ਉਸ ਨੂੰ ਮਰਦਾਨੇ ਦੀ ਰਬਾਬ ਨੇ ਆਪਣੀ ਤਰੰਗਾਂ ਤੇ ਬਿਠਾਕੇ "ਤਪੀ ਹਿਰਦੇ ਧਰਤੀ" ਤੇ ਠਾਰ ਵਰਤਾਣ ਲਈ ਉਤਾਰਿਆ। ਬਾਬੇ ਦੀ ਰੂਹ ਪਰਮਾਤਮਾ ਰੂਪ ਆਪ ਨਿਖਾਰ ਵਰਤਾਂਦੀ ਰਹੀ। ਗੁਰੂ ਅਰਜਨ ਦੇਵ ਜੀ ਨੇ ਸੱਤੇ ਬਲਵੰਡ ਤੋਂ, ਸੰਗਤ ਨੂੰ ਕੀਰਤਨ ਦੀ ਦਾਤ ਦਿੱਤੀ। ਇਸ ਪ੍ਰਕਾਰ ਸੰਗਤ ਵਿਚ ਰਲ ਕੇ ਕੀਰਤਨ ਦੀ ਗੱਲ ਚਲੀ। ਕੀਰਤਨ, ਭਾਵੇਂ ਪੂਰਨ ਪ੍ਰਪੱਕ ਸ਼ੈਲੀ ਵਿਚ

ਬੰਦਿਸ਼ ਰਖਦਾ ਹੈ, ਪ੍ਰਤੂ ਸੰਗਤ ਵਿਚ ਰਲਕੇ ਜੋਟੀਆਂ ਦੀ ਪ੍ਰਥਾ ਨੂੰ ਵੀ ਮੰਨਦਾ ਹੈ। ਰਾਗ ਵਿੱਦਿਆ ਵਿਚ ਨਿਪੁਣ ਹੋਣਾ ਅਤੇ ਹਰ ਵਕਤ ਦੇ ਰਾਗ ਦੀ ਬੰਦਿਸ਼ ਵਿਚ ਉਸ ਸਮੇਂ ਦੀ ਉਚਾਰਿਤ ਬਾਣੀ ਦਾ ਗਾਇਨ ਕਰਨਾ, ਇਕ ਚੰਗੇ ਰਾਗੀ ਵਿਚ ਅਤਿ ਆਵਸ਼ਕ ਗੁਣ ਹੋਣਾ ਜ਼ਰੂਰੀ ਹੈ। ਪਰ ਫੇਰ ਵੀ ਆਮ ਰਾਗੀ ਇਸ ਪ੍ਰਾਪਤੀ ਤੋਂ ਅਲਗ ਹੋ ਕੇ ਆਪੋ ਆਪਣ ਸਟਾਈਲ ਲਈ ਮਸ਼ਹੂਰ ਹਨ। ਲੋੜ ਇਸ ਗੱਲ ਦੀ ਹੈ ਕਿ ਉਪਰਾਲਾ ਕਰਕੇ ਚੰਗੇ ਰਾਗੀ ਕਲਾਸੀਕਲ ਸੰਗੀਤ ਦੀ ਪੂਰਨ ਵਿਦਿਆ ਚੰਗੇ ਉਸਤਾਦਾਂ ਕੋਲੋਂ ਲੈਣ ਅਤੇ ਫਿਰ ਇਸ ਮਹਾਨ ਕਾਰਜ ਨੂੰ ਹੱਥ ਪਾਉਣ। ਜਿਸ ਭੋਜਨ ਵਿਚ ਮਿਥੇ ਹੋਏ ਹਿਸਾਬ ਨਾਲ ਵਸਤਾਂ ਪਾ ਕੇ, ਉਚਿੱਤ ਢੰਗ ਨਾਲ ਉਸਨੂੰ ਤਿਆਰ ਕਰਕੇ ਪਕਾਇਆ ਜਾ ਰਿੰਨਿਆ ਜਾਂਦਾ ਹੈ, ਉਸ ਭੋਜਨ ਨੂੰ ਹਰ ਜੀਭਾ ਸਵਾਦ ਹੀ ਸਵਾਦ ਅਖੇਗੀ। ਇਸੇ ਪ੍ਰਕਾਰ ਸੰਗੀਤ ਦੀਆਂ ਸਾਰੀਆਂ ਲਗਾਂ ਮਾਤਰਾਂ ਨਾਲ ਸੁਸੱਜਿਤ ਪੜ੍ਹੀ ਗਈ ਬਾਣੀ ਆਪਣੀ ਅੰਮ੍ਰਿਤ ਵਰਖਾ ਹਰ ਸਰੋਤੇ ਦੇ ਹਿਰਦੇ ਤੇ ਕਰੇ ਬਗੈਰ ਰਹਿ ਨਹੀਂ ਸਕਦੀ।

ਇਸ ਲਈ ਭਟਕਦੇ ਮਨ ਨੂੰ ਇਕਾਗਰ ਕਰਨ ਵਿਚ ਪਰੰਪਰਾਗਤ ਵਿਆਕਰਣ ਨਾਲ ਸੁਸ਼ੋਭਿਤ ਸੰਗੀਤ ਨਾਲ ਗੁਰਬਾਣੀ ਦੇ ਪ੍ਰਵਾਹ ਨੂੰ ਸੰਗੀਤਮਈ ਕੀਤਾ ਜਾਵੇ ਤਾਂ ਹਰ ਹਿਰਦਾ ਸੁਖ ਸਾਗਰ ਵਿਚ ਤਾਰੀਆਂ ਲਾ ਸਕਦੈ। ਗੁਰੂ ਨਾਨਕ ਦੇ ਦਰ ਤੋਂ ਮਿਲੀ ਹੋਈ ਦਾਤ ਨਾਲ ਪ੍ਰਾਣੀ ਮਾਤਰ ਦੀ ਹਰ ਜ਼ਾਤ ਆਨੰਦਿਤ ਹੋ ਕੇ ਜੀਵਨ ਸਾਰ ਨੂੰ ਸਮਝ ਕੇ ਆਪਣਾ ਜੀਵਨ ਸਵਾਰ ਸਕਦੀ ਹੈ। ਇਹ ਗੁਰੂ ਨਾਨਕ ਨਾਮ ਲੇਵਾ ਚੰਗੇ ਤੇ ਭਲੇ ਪੁਰਖਾਂ ਦਾ ਹੀ ਬੀੜਾ ਹੈ ਕਿ ਉਹ ਐਸੇ ਪੁਰਖਾਂ ਨੂੰ ਕੋਈ ਚੰਗੀ ਕੀਰਤਨ ਟੇਪ ਭੇਟ ਕਰ ਕੇ ਇਸ ਪਾਸੇ ਵਲ ਖੁਲਦੇ ਦਵਾਰ ਵਲ ਉਹਨਾਂ ਦੇ ਮੂੰਹ ਕਰੇ। ਭਲਾ ਕਰਨਾਂ ਹੈ ਤੇ ਭਲਾਈ ਵਾਲਾ ਰਸਤਾ ਵਖ਼ਾਕੇ ਭਲਾ ਕਰੋ। ਸੰਸਾਰ ਨੂੰ ਭਟਕਨ ਵਿਚੋਂ ਕੱਢਣ ਦਾ ਕੇਵਲ ਇੱਕੋ ਹੀ ਰਸਤਾ ਹੈ ਤੇ ਉਹ ਹੈ ਸ਼ਬਦ ਕੀਰਤਨ। ਇਸ ਵਰਖਾ ਨਾਲ ਸਾਰੀ ਸਰਿਸ਼ਟੀ ਤ੍ਰਿਪਤ ਹੋ ਜਾਵੇਗੀ, ਇਹ ਮੇਰਾ ਹੀ ਨਹੀਂ ਬਲਕਿ ਹਰ ਗੁਰੂ ਨਾਨਕ ਨਾਮ ਲੇਵਾ ਦਾ ਵਿਸ਼ਵਾਸ ਹੈ।

# ਜੰਮੂ-ਕਸ਼ਮੀਰ ਦੇ ਕੀਰਤਨੀਏ ਤੇ ਪ੍ਰਚਾਰਕ-3

ਸ. ਜਸਬੀਰ ਸਿੰਘ ਸਰਨਾ

## (8) ਭਾਈ ਰਣਜੀਤ ਸਿੰਘ

ਭਾਈ ਰਣਜੀਤ ਸਿੰਘ ਦਾ ਜਨਮ 1900 ਈ: ਵਿਚ ਭਾਈ ਸਰਦਾਰ ਸਿੰਘ ਦੇ ਘਰ ਪਿੰਡ ਸਿੰਘਪੁਰਾ (ਬਾਰਾਮੂਲਾ) ਕਸ਼ਮੀਰ ਵਿਚ ਹੋਇਆ। ਭਾਈ ਸਰਦਾਰ ਸਿੰਘ ਬੜੇ ਮੰਨੇ ਹੋਏ ਨਿਪੁੰਨ ਅਖੰਡ ਪਾਠੀ ਸਨ। ਭਾਈ ਰਣਜੀਤ ਸਿੰਘ ਨੂੰ ਬਚਪਨ ਤੋਂ ਹੀ ਘਰੇਲੂ ਵਾਤਾਵਰਣ ਅਤੇ ਆਪਣੇ ਬਜ਼ੁਰਗਾਂ ਤੋਂ ਗੁਰਬਾਣੀ ਅਤੇ ਧਾਰਮਿਕ ਵਿੱਦਿਆ ਪ੍ਰਾਪਤ ਹੋਈ। ਭਾਈ ਸਾਹਿਬ ਤੋਂ ਵੱਡੇ ਭਰਾਤਾ ਭਾਈ ਬਚਨ ਸਿੰਘ ਕਾਫੀ ਸਮਾਂ ਸਰਕਾਰੀ ਸਕੂਲ ਵਿਚ ਪੰਜਾਬੀ ਜ਼ੁਬਾਨ ਦੇ ਅਧਿਆਪਕ ਰਹੇ।

ਭਾਈ ਰਣਜੀਤ ਸਿੰਘ ਤੋਂ ਛੋਟੇ ਭਾਈ ਪਰਮਜੀਤ ਸਿੰਘ ਤਬਲੇ ਦੇ ਬੜੇ ਉਸਤਾਦ ਰਹੇ ਹਨ। ਭਾਈ ਰਣਜੀਤ ਸਿੰਘ ਆਪਣੇ ਸਮੇਂ ਦੇ ਪ੍ਰਸਿੱਧ ਕੀਰਤਨੀਏ ਤੇ ਪ੍ਰਚਾਰਕ ਹੋਏ ਹਨ। ਇਹਨਾਂ ਦੋਵੇਂ ਭਰਾਵਾਂ ਨੇ ਪਹਾੜ ਦੇਸ਼, ਜੰਮੂ, ਕਾਬਲ, ਕੰਧਾਰ, ਕਸ਼ਮੀਰ ਆਦਿ ਥਾਵਾਂ ਤੇ ਬੜਾ ਸਿੱਖੀ ਪ੍ਰਚਾਰ ਕਰਕੇ ਅਹਿਮ ਭੂਮਿਕਾ ਨਿਭਾਈ ਹੈ।

ਭਾਈ ਰਣਜੀਤ ਸਿੰਘ 1913 ਈ. ਵਿਚ ਸਕੂਲੀ ਵਿੱਦਿਆ ਲਈ ਖਾਸ ਕਰ ਰਾਗ ਵਿੱਦਿਆ ਪ੍ਰਾਪਤ ਕਰਨ ਲਈ ਅੰਮ੍ਰਿਤਸਰ ਚਲੇ ਗਏ। 1914 ਸੀ.ਈ. ਵਿਚ ਛੋਟਾ ਭਾਈ ਪਰਮਜੀਤ ਸਿੰਘ ਵੀ ਭਾਈ ਸਾਹਿਬ ਕੋਲ ਪਿੰਡ ਛੱਡ ਕੇ ਅੰਮ੍ਰਿਤਸਰ ਪੁਜ ਗਿਆ ਭਾਈ ਰਣਜੀਤ ਸਿੰਘ ਨੇ ਸਮੇਂ ਦੇ ਪ੍ਰਸਿੱਧ ਰਾਗੀ ਤੇ ਪ੍ਰਚਾਰਕ ਭਾਈ ਸੁੰਦਰ ਸਿੰਘ ਤੋਂ ਰਾਗ ਵਿੱਦਿਆ ਸਿੱਖੀ। 1916 ਵਿਚ ਈ. ਤਕ ਲਗਾਤਾਰ ਤਿੰਨ ਸਾਲ ਵਿਦਿਆ ਪ੍ਰਾਪਤ ਕੀਤੀ। ਇਨ੍ਹਾਂ ਸਮਿਆਂ ਵਿਚ ਹੀ ਭਾਈ ਪਰਮਜੀਤ ਸਿੰਘ ਭਾਈ ਸੰਤ ਸਿੰਘ ਤੋਂ ਦੋ ਵਰ੍ਹੇ ਤਕ ਜੋੜੀ (ਤਬਲਾ) ਸਿੱਖਦੇ ਰਹੇ। ਇਸ ਤੋਂ ਛੁਟ ਭਾਈ ਪਰਮਜੀਤ ਸਿੰਘ ਨੇ ਭਾਈ ਹਰਨਾਮ ਸਿੰਘ (ਜੋ ਡੋਗਰਾ ਮਹਾਰਾਜ ਪਰਤਾਪ ਸਿੰਘ ਦਾ ਪਖਾਵਜੀ ਸੀ) ਤੋਂ ਵੀ ਤਬਲਾ ਸਿੱਖਿਆ।

ਭਾਈ ਰਣਜੀਤ ਸਿੰਘ ਨੇ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਤੋਂ 'ਖੰਡੇ ਦੀ ਪਾਹੁਲ' ਲੈ ਕੇ ਰਣਜੀਤ ਸਿੰਘ ਨਾਮ ਪ੍ਰਾਪਤ ਕੀਤਾ (ਪਹਿਲਾ ਨਾਂ ਸ੍ਰ. ਰੋਸ਼ਨ ਸਿੰਘ ਸੀ) ! ਇਸੇ ਤਰ੍ਹਾਂ ਭਾਈ ਪਰਮਜੀਤ ਸਿੰਘ ਸੰਤ ਮਨੀ ਸਿੰਘ ਝਬਾਲ, ਅੰਮ੍ਰਿਤਸਰ ਪਾਸੋਂ 'ਖੰਡੇ ਦੀ ਪਾਹੁਲ' ਲੈ ਕੇ ਪਰਮਜੀਤ ਸਿੰਘ ਨਾਮ ਪ੍ਰਾਪਤ ਹੋਇਆ (ਪਹਿਲਾ ਨਾਂ ਭਾਈ ਕਪੂਰ ਸਿੰਘ ਸੀ)।

ਰਾਗ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਦੋਵੇਂ ਵੀਰ ਜਥੇ ਦੀ ਸੂਰਤ ਵਿਚ ਬੜਾ ਪ੍ਰਭਾਵਸ਼ਾਲੀ ਕੀਰਤਨ ਕਰਦੇ ਰਹੇ। ਸਭ ਤੋਂ ਪਹਿਲਾਂ ਇਨ੍ਹਾਂ ਭਰਾਵਾਂ ਨੇ ਮਹਾਰਾਜਾ ਪਟਿਆਲਾ ਦੇ ਮੋਤੀ ਬਾਗ ਵਿਚ ਹਫਤੇ ਵਿਚ ਇਕ ਦਿਨ ਕੀਰਤਨ ਤੇ ਪ੍ਰਚਾਰ ਕਰਨ ਦੀ ਸੇਵਾ ਨਿਭਾਈ। ਕਸ਼ਮੀਰ ਆ ਕੇ ਗੁਰਦੁਆਰਾ ਸਿੰਘ ਸਭਾ ਅਮੀਰਾ ਕਦਲ ਵਿਚ ਕੀਰਤਨ ਤੇ ਪ੍ਰਚਾਰ ਦੀ ਸੇਵਾ ਕਰਦੇ ਰਹੇ। ਭਾਈ ਰਣਜੀਤ ਸਿੰਘ ਦੇ ਜਥੇ ਨੇ ਕਾਬਲ, ਕੰਧਾਰ, ਪੋਠੋਹਾਰ, ਮੁਜ਼ਫ਼ਰਾਬਾਦ, ਕਸ਼ਮੀਰ ਆਦਿ ਥਾਵਾਂ ਤੇ ਜਾ ਕੇ ਕੀਰਤਨ ਤੇ ਪ੍ਰਚਾਰ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਕਰਕੇ ਹਜ਼ਾਰਾਂ ਲੋਕਾਂ ਨੂੰ ਸਿੱਖੀ ਕੁਟੰਬ ਵਿਚ ਸ਼ਾਮਲ ਕੀਤਾ। ਇਹਨਾਂ ਨੂੰ ਅਨੇਕਾਂ ਮਾਣ ਸਨਮਾਨ ਵੀ ਸਮੇਂ-ਸਮੇਂ ਪ੍ਰਾਪਤ ਹੋਏ। ਭਾਈ ਸਾਹਿਬ ਦਾ ਕੀਰਤਨ ਸਰਵਣ ਕਰਨ ਤੋਂ ਬਾਅਦ ਇਕ ਫੈਕਟਰੀ ਮਾਲਕ ਨੇ (ਜੋ ਕਾਬਲ ਦਾ ਸੀ) ਇਕ ਵਧੀਆ ਬਦੇਸ਼ੀ ਕਿਸਮ ਦੀ ਬੰਦੂਕ ਭੇਟਾ ਕੀਤਾ ਜੋ ਇਹਨਾਂ ਦੇ ਸਪੁਤਰਾਂ ਕੋਲ ਅਜੇ ਵੀ ਮੌਜੂਦ ਹੈ।

ਭਾਈ ਰਣਜੀਤ ਸਿੰਘ ਕਾਫੀ ਸਮਾਂ ਬਾਰਾਮੂਲਾ ਦੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਖੇ ਹਜ਼ੂਰੀ ਕੀਰਤਨੀਏ ਰਹਿ ਕੇ ਸੇਵਾ ਕਰਦੇ ਰਹੇ। ਇਹਨਾਂ ਦਾ ਵਿਵਾਹ ਸ: ਕਿਸ਼ਨ ਸਿੰਘ ਨੰਬਰਦਾਰ (ਭਟਪੁਰਾ) ਦੀ ਸਪੁੱਤਰੀ ਨਾਲ ਹੋਇਆ। ਜਿਸ ਦੀ ਕੁਖੋਂ ਦੋ ਬੱਚੀਆਂ ਅਤੇ ਦੋ ਸਪੁੱਤਰ ਸ: ਬਲਵੰਤ ਸਿੰਘ ਅਤੇ ਸ: ਰਘਬੀਰ ਸਿੰਘ ਹੋਏ। ਭਾਈ ਸਾਹਿਬ 77 ਸਾਲ ਦੀ ਉਮਰ ਭੋਗ ਕੇ ਜਨਵਰੀ 1977 ਵਿਚ ਗੁਰਪੁਰੀ ਸਿਧਾਰ ਗਏ।

ਭਾਈ ਪਰਮਜੀਤ ਸਿੰਘ ਤੇ ਗੁਰੂ ਜੀ ਦੀ ਅਪਾਰ ਬਖਸ਼ਿਸ਼ ਹੈ ਅਤੇ ਅਜਕਲ੍ਹ ਵੀ ਜਦੋਂ ਸਿੱਖੀ ਵਲਵਲਾ-ਖੋਜ ਪ੍ਰਚਾਰ ਤੇ ਕੀਰਤਨ ਕਰਦੇ ਹਨ। ਇਹਨਾਂ ਦਾ ਛੋਟਾ ਭਾਈ ਗਿਆਨੀ ਕਰਤਾਰ ਸਿੰਘ ਵੀ ਬੜੇ ਅਖੰਡਪਾਠੀ ਹਨ ਅਤੇ ਅਜਕਲ੍ਹ ਜਲੰਧਰ ਵਿਖੇ ਪ੍ਰਵਾਰ ਤੋਂ ਦੂਰ ਕਿਸੇ ਪਿੰਡ ਵਿਚ ਨਿਵਾਸ ਕਰਦੇ ਹਨ। ਗੁਰਬਾਣੀ ਦੇ ਅੱਭਿਆਸ ਅਤੇ ਕਮਾਈ ਸਦਕਾ ਕਈਆਂ ਦੇ ਦਿਲਾਂ ਨੂੰ ਠੰਢ ਪਾ ਰਹੇ ਹਨ।

## (9) ਗਿ: ਸੰਤ ਸਿੰਘ ਭਟਪੁਰੀ

ਗਿਆਨੀ ਸੰਤ ਸਿੰਘ ਭਟਪੁਰੀ ਦਾ ਜਨਮ 1916 ਈਸਵੀ ਨੂੰ ਪਿੰਡ ਭਟਪੁਰਾ ਭਾਈ ਸਰਦਾਰ ਸਿੰਘ ਨੰਬਰਦਾਰ ਦੇ ਘਰ ਮਾਤਾ ਕੌਰ ਦੀ ਕੁਖੋਂ ਹੋਇਆ । ਭਾਈ ਸਰਦਾਰ ਸਿੰਘ 1947 ਤੋਂ ਪਹਿਲਾਂ ਬੜੇ ਮੰਨੇ ਹੋਏ ਅਖੰਡ ਪਾਠੀ ਸਿੰਘ ਸਨ ਅਤੇ ਕਸ਼ਮੀਰ ਵਿੱਚ ਸੂਝਵਾਨ, ਬਹਿਣੀ ਬਹਿਣੀ ਵਾਲੇ ਸਿੰਘਾਂ ਵਿਚੋਂ ਗਿਣੇ ਜਾਂਦੇ ਸਨ ।

ਗਿਆਨੀ ਸੰਤ ਸਿੰਘ ਨੂੰ ਮੁੱਢਲੀ ਧਾਰਮਿਕ ਵਿੱਦਿਆ ਆਪਣੇ ਬਜ਼ੁਰਗਾਂ ਤੋਂ ਪ੍ਰਾਪਤ ਕੀਤੀ ਅਤੇ ਜਦੋਂ ਜਵਾਨੀ ਵਿੱਚ ਪੈਰ ਰਖਿਆ ਤਾਂ ਆਪ ਅੰਮ੍ਰਿਤਸਰ ਗੱਤਕਾ ਕਲਾਸ ਵਿੱਚ ਭਰਤੀ ਹੋ ਗਏ । ਪਹਿਲਾਂ ਦਿਨ੍ਹਾਂ ਤਬਲਾ ਆਪਣੇ ਪਿਤਾ ਸ੍ਰ: ਸਰਦਾਰ ਸਿੰਘ ਤੋਂ ਸਿੱਖਿਆ ਅਤੇ ਬਾਅਦ ਵਿੱਚ ਕੀਰਤਨ (ਵਾਜਾ) ਬਿਨਾਂ ਕਿਸੇ ਉਸਤਾਦ ਦੇ ਆਪ ਸਿਖਿਆ । ਅੰਮ੍ਰਿਤਸਰ ਗੱਤਕਾ ਕਲਾਸ ਅਤੇ ਦਰਬਾਰ ਸਾਹਿਬ ਵਿਖੇ ਸੇਵਾ ਕਰਕੇ ਬਾਅਦ ਵਿੱਚ ਪੰਜ ਕੁ ਸਾਲਾਂ ਬਾਅਦ ਆਪਣੇ ਪਿੰਡ ਭਟਪੁਰਾ (ਕਸ਼ਮੀਰ) ਵਿੱਚ ਆ ਗਏ । ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਕਾਫੀ ਵਰ੍ਹੇ ਕੀਰਤਨ ਕਰਦੇ ਰਹੇ । ਕਾਫੀ ਸਮਾਂ ਕੀਰਤਨ ਤੇ ਪਰਚਾਰ ਸਾਂਬਾ, ਸੁਜਵਾਂ, ਟਾਂਡਾ, ਨਵਾਂ ਸ਼ਹਿਰ, ਬਡਗਾਮ ਤਰਾਲ, ਟੀਡਵਾਲ, ਕੁਪਵਾੜਾ, ਯੋਲ ਕੈਂਪ ਪੁਣਛ, ਮੁਜ਼ਫਰਾਬਾਦ, ਮਾਨਸੇਹਰਾ ਐਬਟਾਬਾਦ, ਬਾਲਾ ਕੋਟ, ਪੰਜਾ ਸਾਹਿਬ ਪਾਕਿਸਤਾਨ, ਪਠਾਨਕੋਟ, ਕਬੂਨੰਗਲ ਆਦਿ ਥਾਵਾਂ ਤੇ ਲੋਕਾਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਰਾਹੀਂ ਸਿੱਖੀ ਵਿੱਚ ਪ੍ਰਪੱਕ ਕੀਤਾ । ਕੁਝ ਵਰ੍ਹੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਾਰਾਮੂਲਾ ਵਿੱਚ ਹਜ਼ੂਰੀ ਰਾਗੀ ਰਹਿ ਕੇ ਸੇਵਾ ਕੀਤੀ । ਫਿਰ ਫੌਜੀਆਂ ਦੀ ਅਹਿਮ ਮੰਗ ਤੇ ਆਪਣੇ ਛੋਟੇ ਭਾਈ ਸ. ਇਛਪਾਲ ਸਿੰਘ ਭਟਪੁਰੀ ਨਾਲ ਰਾਮਪੁਰ, ਪਰਮਪੀਲਾਂ, ਟੀਡਵਾਲ ਆਦਿ ਥਾਂਵਾਂ ਤੇ ਜਾ ਕੇ ਸਿੱਖ ਫ਼ੌਜੀਆਂ ਨੂੰ ਬੀਰ-ਰਸੀ ਵਾਰਾਂ ਰਾਹੀਂ ਨਿਹਾਲ ਕਰਦੇ ਰਹੇ ।

ਪੂਰੇ 25 ਵਰ੍ਹੇ ਤੱਕ ਹਰ 2 ਵਿਸਾਖ ਨੂੰ ਗੁਰਦੁਆਰਾ ਤਪਿਆਨਾ ਸਾਹਿਬ, ਸਿਆਲਕੋਟ (ਕਸ਼ਮੀਰ) ਜਾ ਕੇ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕਰਦੇ ਰਹੇ । ਗਿਆਨੀ ਸੰਤ ਸਿੰਘ ਭਟਪੁਰੀ ਦਾ ਪੂਰਾ ਜੀਵਨ ਗੁਰਬਾਣੀ ਨੁਮਾ ਸੀ । ਪੁਰਾਤਨ ਬਜ਼ੁਰਗਾਂ ਵਾਂਗ ਸਵੇਰੇ 3-4 ਵਜੇ ਉੱਠ ਇਸ਼ਨਾਨ ਕਰਨਾ, ਨਿਤਨੇਮ ਪੂਰਾ ਕਰਕੇ ਗੁਰਦੁਆਰਾ ਸਾਹਿਬ ਜਾ ਕੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਾ, ਉਨ੍ਹਾਂ ਦਾ ਜੀਵਨ ਉਪਦੇਸ਼ ਸੀ । ਆਪ ਜੀ ਇਕ ਸੁੰਦਰ ਅਤੇ ਸੁਦ੍ਰਿੜ ਸਖਸੀਅਤ ਦੇ ਮਾਲਕ ਸਨ । ਆਪ 10 ਸਾਲ ਰਿਆਸਤੀ ਅਕਾਲੀ ਦਲ ਕਮਰਾਜ ਦੇ ਜਥੇਦਾਰ ਰਹੇ । ਕਈ ਸਾਲ ਇਸੇ ਜਥੇਬੰਦੀ ਦੇ ਸਕੱਤਰ ਰਹੇ ਅਤੇ ਉਨ੍ਹਾਂ ਮੁਢਲੇ ਬਾਗਬਾਨ ਵਿਚੋਂ ਸਨ ਜਿਨ੍ਹਾਂ ਰਿਆਸਤੀ ਅਕਾਲੀ ਦਲ ਦੀ ਨੀਂਹ ਰੱਖੀ । ਅਕਾਲੀ ਦਲ ਦੇ ਸਰਕਾਰ ਦਾ ਆਗੂ ਹੋਣ ਸਮੇਂ ਆਪ ਪ੍ਰਸਿੱਧ ਅਕਾਲੀ ਨੇਤਾਵਾਂ ਮਾਸਟਰ ਤਾਰਾ ਸਿੰਘ, ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਡਾ: ਰਜਿੰਦਰ ਕੌਰ, ਸ ਗੁਰਚਰਨ ਸਿੰਘ ਟੌਹੜਾ ਆਦਿ ਨਾਲ ਵਿਚਰਦੇ ਰਹੇ ।

ਪੰਜਾਬੀ ਸੂਬਾ ਮੋਰਚਿਆਂ ਵਿੱਚ ਆਪ ਜੀ ਦੀ ਅਹਿਮ ਭੂਮਿਕਾ ਰਹੀ ਹੈ । ਆਪ ਦਾ ਜੀਵਨ ਸੰਘਰਸ਼ਸ਼ੀਲ ਸੀ ਅਤੇ ਉਨ੍ਹਾਂ ਦੇ ਸ਼ੁਭ ਗੁਣਾਂ ਦੇ ਚਰਚੇ ਪੰਥਕ ਇਕੱਠਾ ਵਿੱਚ ਨਿਰੰ-ਹੁੰਦੇ ਰਹਿਣਗੇ । ਪੰਜਾਬੀ ਸੂਬਾ ਮੋਰਚੇ ਵਿੱਚ ਆਪ ਨੇ ਜੰਮੂ ਕਸ਼ਮੀਰ ਪੁਣਛ ਤੋਂ ਅਨੇਕਾਂ ਜਥੇ ਪੰਜਾਬ ਵਲ ਰਵਾਨਾ ਕੀਤੇ ਅਤੇ ਤਕਰੀਬਨ 6 ਮਹੀਨੇ ਹਿਸਾਰ ਜੇਲ੍ਹ ਵਿੱਚ ਕੈਦ ਕੱਟੀ । ਸ੍ਰ. ਸੰਤ ਸਿੰਘ ਤੇਗ ਨਾਲ ਮਿਲ ਕੇ 1947 ਦੇ ਰੀਫਊਜੀਆਂ ਨੂੰ ਮੁੜ ਵਸਾਣ ਵਿੱਚ ਸਹਾਇਤਾ ਕੀਤੀ ।

ਆਪ ਸਰਬ ਗੁਣ ਸੰਪੰਨ ਵਿਅਕਤਿਤਵ ਦੇ ਮਾਲਕ ਸਨ । ਆਪ ਜੀ ਜੰਮੂ ਕਸ਼ਮੀਰ ਦੇ ਪਹਿਲੇ ਅਤੇ ਆਖਰੀ ਕੀਰਤਨੀਏ ਸਨ ਜੋ ਬੀਰ-ਰਸੀ ਵਾਰਾਂ ਨੂੰ ਅਨੋਖੀ ਆਵਾਜ਼ ਵਿਚ ਗਾਇਨ ਕਰਦੇ ਸਨ ਅਤੇ ਸਿੱਖਾਂ ਵਿੱਚ ਬੀਰ-ਰਸ ਦੀ ਭਾਸੀਰ ਜਾਗ ਉਠਦੀ ਸੀ ।

ਇਕ ਸਾਲ ਲਗਾਤਾਰ ਹਰ ਐਤਵਾਰ ਗੁਰਦੁਆਰਾ ਸ਼ਾਹ ਜੀ ਮਾਰਗ (ਪੁਲਵਾਮਾ) ਵਿਖੇ ਕੀਰਤਨ ਦੀ ਸੇਵਾ ਕਰਦੇ ਰਹੇ 5 ਕੁ ਸਾਲ ਹਰ ਐਤਵਾਰ ਗੁਰਦੁਆਰਾ ਪਰਮ ਪੀਲਾ ਵਿਖੇ ਆਪਣੇ ਛੋਟੇ ਭਾਈ ਸ. ਇਛਪਾਲ ਸਿੰਘ ਨਾਲ ਕੀਰਤਨ ਕਰਦੇ ਰਹੇ । ਉਸ ਸਮੇਂ ਸ੍ਰ: ਨਰੈਣ ਸਿੰਘ ਠੇਕੇਦਾਰ ਪ੍ਰਧਾਨ ਸਨ ।

ਉਹਨਾਂ ਦੇ ਬੀਰ ਰਸ ਕੀਰਤਨ ਕਾਰਨ ਗੁਰਦੁਆਰਾ ਕਾਠੀ-ਦਰਵਾਜ਼ਾ, ਹਫ਼ਤ ਚਿਨਾਰ, ਤਰਾਲ, ਦਲਵਨਾਂ ਬਡਗਾਮ, ਕਪਵਾੜਾ ਆਦਿ ਵਿਖੇ ਉਚੇਚੇ ਤੌਰ ਤੇ ਸੰਗਤਾਂ ਵਿਚ ਹਾਜ਼ਰੀ ਭਰਦੇ ਰਹੇ । ਸਭ ਤੋਂ ਅਹਿਮ ਨੁਕਤਾ ਇਹ ਸੀ ਕਿ ਕੀਰਤਨ ਖੜੇ ਹੋ ਕੇ ਟੇਬਲ (ਮੇਜ਼) ਤੇ ਕਰਦੇ ਸਨ ।

1960 ਦੇ ਕਰੀਬ ਉਹਨਾਂ ਨੂੰ ਗੁਰਦੁਆਰਾ 2 F.O.D. ਸ੍ਰੀਨਗਰ ਵਿਚ ਕੀਰਤਨੀਏ ਅਤੇ ਗਰੰਥੀ ਨਿਯੁਕਤ ਕੀਤੇ ਗਏ । ਫੌਜੀ ਨੌਕਰੀ ਦੌਰਾਨ ਉਹਨਾਂ ਦੇ

ਬੀਰ-ਰਸੀ ਕੀਰਤਨ ਤੋਂ ਫੌਜੀ ਝੂਮ ਉਠਦੇ ਸਨ ਅਤੇ ਦੇਸ਼ ਸੇਵਾ ਲਈ ਤਤਪਰ ਹੋ ਜਾਂਦੇ ਸਨ। ਫੌਜ ਵਿਚ ਉਹਨਾਂ ਦਾ ਸਤਿਕਾਰ ਏਨਾ ਸੀ ਕਿ ਮੇਜਰ ਰੈਂਕ ਦੇ ਸਿੱਖ ਫੌਜੀ ਉਹਨਾਂ ਦੇ ਪੈਰਾਂ ਨੂੰ ਹੱਥ ਲਾ ਕੇ ਸਤਿਕਾਰ ਪ੍ਰਗਟ ਕਰਦੇ ਸਨ। ਬ੍ਰਿਗੇਡੀਅਰ ਸ: ਹਰਦਿੱਤ ਸਿੰਘ ਅਤੇ ਉਹਨਾਂ ਦੀ ਧਰਮ-ਪਤਨੀ ਨੇ ਗਿਆਨੀ ਜੀ ਤੋਂ ਤਬਲਾ ਅਤੇ ਕੀਰਤਨ ਸਿੱਖਿਆ। ਇੰਜ ਹੀ ਬ੍ਰਿਗੇਡੀਅਰ ਗੁਲਾਬ ਸਿੰਘ ਦੀ ਸਪੁਤਰੀ ਨੂੰ ਕੀਰਤਨ ਦੀ ਦਾਤ ਬਖਸ਼ੀ। ਇੰਜ 33 ਸਾਲ ਤਕ ਉਹਨਾਂ ਫੌਜ ਵਿਚ ਰਹਿ ਕੇ ਗੁਰਬਾਣੀ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਫੌਜੀਆਂ ਨੂੰ ਗੁਰੂ ਸਾਹਿਬਾਨ ਦੀ ਬਾਣੀ ਤੇ ਬਾਣੇ ਵਿਚ ਪ੍ਰਪੱਕ ਕੀਤਾ। ਆਪ ਜੀ ਦਾ ਦਿਹਾਂਤ 20 ਅਪ੍ਰੈਲ 1993 ਨੂੰ ਪਿੰਡ ਭਟਪੁਰਾ ਵਿਚ ਹੋਇਆ। ਆਪ ਜੀ ਦਾ ਵਿਵਾਹ ਬੀਬੀ ਸੁਸ਼ੀਲ ਕੌਰ ਨਾਲ ਹੋਇਆ ਜਿਸ ਵਿਚੋਂ ਪੰਜ ਪੁਤਰੀਆਂ ਅਤੇ ਤਿੰਨ ਸੁਪਤਰ ਹੋਏ (ਜਵੇ ਸ. ਕੀਰਤ ਸਿੰਘ ਇਨਕਲਾਬੀ, ਸ੍ਰ. ਜਸਬੀਰ ਸਿੰਘ ਸਰਨਾ ਅਤੇ ਸ੍ਰ. ਰਾਜਿੰਦਰ ਪਾਲ ਸਿੰਘ)।

ਆਪ ਜੀ ਦੇ ਗੁਰਪੁਰੀ ਸਿਧਾਰਨ ਬਾਅਦ ਸਾਰੇ ਹੀ ਪੰਥਕ ਅਖਬਾਰਾਂ/ਰਿਸਾਲਿਆਂ ਨੇ ਖਬਰਾਂ ਪ੍ਰਕਾਸ਼ਤ ਕੀਤੀਆਂ ਜਿਨ੍ਹਾਂ ਵਿਚੋਂ "The Spokesman" Chandigarh, The Sikh Review, Calcutta, ਸੰਤ ਸਿਪਾਹੀ ਅੰਮ੍ਰਿਤਸਰ, ਅਜੀਤ ਜਲੰਧਰ ਆਦਿ ਪ੍ਰਮੁੱਖ ਹਨ। ਭਟਪੁਰੀ ਜੀ ਦੇ ਸਾਥੀ ਗਿ: ਈਸ਼ਰ ਸਿੰਘ ਬਖਸ਼ ਨੇ ਇੱਕ ਨਜ਼ਮ 'ਡਾਢਾ ਸਲ੍ਹ ਜੁਦਾਈ ਦਾ ਲਾ ਗਿਉਂ', ਲਿਖੀ ਹੈ ਜੋ ਉਨ੍ਹਾਂ ਦੀ ਪੁਸਤਕ 'ਕਾਵਿ ਪਟਾਰੀ, ਵਿਚ ਸ਼ਾਮਲ ਹੈ। ਕੁਝ ਸਤਰਾਂ ਹਾਜ਼ਰ ਹਨ;

"ਮੇਰੇ ਵਸ ਹੁੰਦਾ ਤੈਨੂੰ ਛਡਦਾ ਨਾ<br>
ਬੁਣਦਾ ਚਾਰ ਚੁਫੇਰੇ ਜਾਲ ਤੇਰੇ।<br>
ਐਪਰ ਪਰਾਈ ਅਮਾਨ ਕਦ ਤੱਕ ਪਾਸ ਰਹਿੰਦੀ,<br>
ਪੁਜ ਜਾਂਦੀ ਕੋਲ ਹਰ ਸਾਲ ਤੇਰੇ।<br>
ਨਾਲ ਤਾਣ ਗੁਰਬਾਣੀ ਇਤਿਹਾਸ ਰਾਹੀਂ,<br>
ਗੁਰਮਤਿ ਦਾ ਡੰਕਾਂ ਵਜਾ ਗਿਉਂ।<br>
ਬਖਸ਼ ਨਦੀਆਂ ਵਾਹ ਵਿਛੁਨਿਆਂ ਨੂੰ,<br>
ਡਾਢਾ ਸਲ੍ਹ ਜੁਦਾਈ ਦਾ ਲਾ ਗਿਉਂ।"

---

# *Happiness*

Dapinder Singh

**Happiness is the feeling of heart,<br>
Happiness is to think about God.<br>
Happiness is to help the needy,<br>
Who has nobody to help except God.**

**Happiness is a cry of joy,<br>
Happiness is to be on the top.<br>
Happiness is a joy of life,<br>
Happiness is a part of Lord.<br>
Happiness is a boon to man,<br>
Happiness is in giving whatever we can.<br>
Lord gave it to everyone but,<br>
Some feel it some do not,<br>
and the one who feels it remains always happy.**

Class – VA<br>
1135/15-B<br>
**CHANDIGARH**

# ਮਨ ਦਾ ਤਨ ਉਤੇ ਅਸਰ

ਪ੍ਰੋਫੈਸਰ ਜਗਜੀਤ ਸਿੰਘ ਜਾਬੇਵਾਲ

ਕਈ ਬੰਦੇ ਹਰ ਕੰਮ ਨੂੰ ਬਹੁਤ ਖਿਚਾਉ ਨਾਲ ਕਰਦੇ ਹਨ। ਉਨ੍ਹਾਂ ਨੂੰ ਆਪਣੇ ਕਾਰੋਬਾਰ ਬਾਰੇ ਹਰ ਵੇਲੇ ਕੋਈ ਨਾ ਕੋਈ ਚਿੰਤਾ ਲੱਗੀ ਰਹਿੰਦੀ ਹੈ। ਆਪਣੇ ਦਫਤਰ ਦੀਆਂ ਸਮੱਸਿਆਵਾਂ ਨੂੰ ਘਰ ਲੈ ਆਉਂਦੇ ਹਨ। ਇਸ ਤਰ੍ਹਾਂ ਉਨ੍ਹਾਂ ਦਾ ਮਨ ਕਦੀ ਆਰਾਮ ਨਹੀਂ ਕਰਦਾ। ਸਰੀਰ ਦੀ ਤਰ੍ਹਾਂ ਮਨ ਨੂੰ ਭੀ ਆਰਾਮ ਦੀ ਜ਼ਰੂਰਤ ਹੈ। ਇਸ ਆਦਤ ਦਾ ਨਤੀਜਾ ਹੈ ਮਾਨਸਿਕ ਬੀਮਾਰੀਆਂ। ਇਨ੍ਹਾਂ ਮਾਨਸਿਕ ਰੋਗੀਆਂ ਦਾ ਇਲਾਜ ਬਹੁਤ ਮੁਸ਼ਕਲ ਹੁੰਦਾ ਹੈ। ਆਮ ਤੌਰ ਤੇ ਉਨ੍ਹਾਂ ਦਾ ਜਵਾਬ ਹੁੰਦਾ ਹੈ, ਸਾਨੂੰ ਕੋਈ ਫਿਕਰ ਨਹੀਂ, ਰੱਬ ਦਾ ਦਿਤਾ ਸਭ ਕੁਝ ਹੈ। ਉਨ੍ਹਾਂ ਨੂੰ ਰੱਬ ਨੇ ਸਭ ਕੁਝ ਦਿਤਾ ਹੋਵੇਗਾ ਪਰ ਕੁਝ ਪਲ ਖਿਚਾਉ ਤੋਂ ਬਗੈਰ ਰਹਿਣ ਦੀ ਆਦਤ ਨਹੀਂ ਦਿਤੀ। ਡਰ ਫਿਕਰ ਖਿਚਾਉ ਤੋਂ ਪੈਦਾ ਹੁੰਦੇ ਹਨ। ਇਕ ਬਹੁਤ ਮਸ਼ਹੂਰ ਕਹਾਵਤ ਹੈ, 'ਜੇ ਤੁਹਾਡੇ ਸਿਰ ਤੇ ਰੋਗੀ ਸਿਰ ਹੈ ਤਾਂ ਦੇਹ ਅਰੋਗ ਨਹੀਂ ਰਹਿ ਸਕਦੀ।' ਅਜ ਦਾ ਯੁਗ ਸਾਇੰਸ ਯੁਗ ਹੈ (ਕਲਯੁਗ ਨਾਂ ਦੀ ਕੋਈ ਚੀਜ਼ ਨਹੀਂ)। ਇਨਸਾਨ ਨੇ ਹਰ ਪਹਿਲੂ ਤੋਂ ਬਹੁਤ ਤਰੱਕੀ ਕੀਤੀ ਹੈ। ਸਾਇੰਸ ਨੇ ਜੋ ਤਰੱਕੀ ਪਿਛਲੇ 100 ਸਾਲਾਂ ਵਿਚ ਕੀਤੀ ਹੈ ਸ਼ਾਇਦ ਇਤਨੀ ਪਿਛਲੇ 3000 ਸਾਲਾਂ ਵਿਚ ਭੀ ਨਹੀਂ ਕੀਤੀ। ਇਥੇ ਹੀ ਬਸ ਨਹੀਂ ਇਸ ਦੀ ਤਰੱਕੀ ਦੀ ਰਫਤਾਰ ਨੂੰ ਵੇਖ ਕੇ ਇਹ ਕਹਿ ਦੇਣਾ ਨਾਮੁਨਾਸਿਬ ਨਹੀਂ ਹੋਵੇਗਾ ਕਿ ਅਗਲੇ 100 ਸਾਲਾਂ ਵਿਚ ਇਹ ਦੁਨੀਆਂ ਹੋਰ ਦੀ ਹੋਰ ਹੀ ਬਣ ਜਾਏਗੀ। ਇਸ ਦੇ ਨਾਲ ਬੀਮਾਰੀਆਂ ਭੀ ਬਹੁਤ ਸਹੇੜ ਲਈਆਂ ਹਨ। ਡਾਕਟਰ ਤੁਹਾਡੀਆਂ ਸਰੀਰਕ ਬਿਮਾਰੀਆਂ ਦਾ ਇਲਾਜ ਕਰਦੇ ਹਨ, ਮਾਨਸਿਕ ਰੋਗਾਂ ਦਾ ਨਹੀਂ। ਮਾਨਸਿਕ ਰੋਗਾਂ ਦਾ ਇਲਾਜ ਤੁਹਾਨੂੰ ਖੁਦ ਆਪ ਕਰਨਾ ਪਏਗਾ। ਅਜ ਇਹ ਸਿਧ ਹੋ ਚੁਕਾ ਹੈ ਇਕ ਅਜ ਦੇ ਖਿਚ ਧੂਹ ਦੇ ਸਮੇਂ ਸਰੀਰਕ ਰੋਗਾਂ ਦੇ ਪੈਦਾ ਕਰਨ ਵਿਚ ਮਨ ਦਾ ਬਹੁਤ ਯੋਗਦਾਨ ਹੈ। ਇਸ ਤਰ੍ਹਾਂ ਅਰੋਗ ਮਨ ਸਰੀਰਕ ਰੋਗਾਂ ਨੂੰ ਦੂਰ ਕਰਨ ਵਿਚ ਬਹੁਤ ਸਹਾਈ ਹੁੰਦਾ ਹੈ। ਜਿਸ ਤਰ੍ਹਾਂ ਦੀ ਤੁਹਾਡੀ ਮਾਨਸਿਕ ਅਵਸਥਾ ਹੋਵੇਗੀ ਉਸੀ ਤਰ੍ਹਾਂ ਦੇ ਖਿਆਲ ਪੈਦਾ ਹੋਣਗੇ ਅਤੇ ਖਿਆਲਾਂ ਦਾ ਅਸਰ ਸਰੀਰ ਤੇ ਪਵੇਗਾ। ਖਿਆਲ ਵਿਚ ਬਹੁਤ ਵਡੀ ਤਾਕਤ ਹੈ। ਜੀਵਨ ਉਸੇ ਮੁਤਾਬਿਕ ਬਣ ਜਾਂਦਾ ਹੈ, ਚੰਗੇ ਖਿਆਲ ਚੰਗਾ ਜੀਵਨ, ਖੁਸ਼ੀ ਭਰੇ ਖਿਆਲ ਖੁਸ਼ੀ ਭਰਿਆ ਜੀਵਨ।

ਚਿੰਤਾ ਕਰਨ ਨਾਲ ਸਿਰ ਦਰਦ ਲੱਕ ਦਰਦ ਹੋ ਜਾਂਦਾ ਹੈ। ਦੁਖਦਾਈ ਗ੍ਰਿਹਸਥ ਅਤੇ ਮਾਇਕ ਸਦਮਾ ਕਈ ਵਾਰੀ ਮਨ ਤੇ ਤਨ ਦੋਨਾਂ ਨੂੰ ਰੋਗੀ ਬਣਾ ਦੇਂਦੇ ਹਨ। ਅਮਰੀਕਾ ਦੇ ਪ੍ਰਸਿਧ ਡਾਕਟਰ ਵੁਲੱਫ ਨੇ ਹੇਠ ਲਿਖੇ ਤਜਰਬੇ ਨਾਲ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਮਨ ਦਾ ਸਰੀਰ ਤੇ ਕਿਸ ਤਰ੍ਹਾਂ ਅਸਰ ਪੈਂਦਾ ਹੈ। ਇਕ ਮਰੀਜ਼ ਦੀ ਖੁਰਾਕ ਦੀ ਨਾਲੀ ਵਿਚ ਜ਼ਖਮ ਹੋ ਗਏ ਸਨ। ਡਾਕਟਰ ਨੇ ਉਸ ਦੇ ਪੇਟ ਵਿਚ ਇਕ ਸੁਰਾਖ ਕਰ ਕੇ ਇਕ ਸ਼ੀਸ਼ੇ ਨੂੰ ਪੇਟ ਵਿਚ ਦਾਖਲ ਕਰ ਦਿਤਾ। ਉਸ ਨੇ ਸ਼ੀਸ਼ੇ ਦੀ ਮਦਦ ਨਾਲ ਇਹ ਨੋਟ ਕੀਤਾ ਕਿ ਮਰੀਜ਼ ਜਦ ਡਰ, ਕਰੋਧ ਅਤੇ ਮਾਨਸਿਕ ਖਿਚਾਉ ਵਿਚ ਹੁੰਦਾ ਸੀ ਤਾਂ ਉਸ ਦੇ ਢਿਡ ਦੀ ਹਾਲਤ ਇਕ ਰੋਗੀ ਢਿਡ ਦੀ ਤਰ੍ਹਾਂ ਹੁੰਦੀ ਅਤੇ ਜਦ ਉਹ ਮਰੀਜ਼ ਖੁਸ਼ੀ, ਪਿਆਰ ਤੇ ਬੇਫਿਕਰੀ ਦੀ ਹਾਲਤ ਵਿਚ ਹੁੰਦਾ ਤਾਂ ਉਸ ਦੇ ਢਿਡ ਦੀ ਹਾਲਤ ਭੀ ਤੰਦਰੁਸਤ ਢਿਡ ਦੀ ਤਰ੍ਹਾਂ ਹੁੰਦੀ।

ਬੀਮਾਰ ਮਨ ਹੇਠ ਲਿਖੇ ਚਿੰਨ੍ਹ ਪੈਦਾ ਕਰਦਾ ਹੈ :-

(1) ਖਿਚਾਓ (Tension); ਇਹ ਕੇਵਲ ਸਰੀਰਕ ਚਿੰਨ੍ਹ ਹੀ ਨਹੀਂ ਪੈਦਾ ਕਰਦਾ ਬਲਕਿ ਮਾਨਸਿਕ ਚਿੰਨ੍ਹ ਭੀ ਪੈਦਾ ਕਰਦਾ ਹੈ। ਜਿਸ ਤਰ੍ਹਾਂ ਉਦਾਸੀ ਸਵੈ ਭਰੋਸੇ ਦੀ ਘਾਟ, ਦੁਚਿੱਤੀ ਅਤੇ ਹੀਨਤਾ ਭਾਵ ਆਦਿ।

ਮਿਲਟਨ ਕਵੀ ਨੇ ਬਹੁਤ ਸੁੰਦਰ ਕਿਹਾ ਹੈ ਕਿ ਮਨ ਆਪ ਹੀ ਨਰਕ ਨੂੰ ਸਵਰਗ ਅਤੇ ਸਵਰਗ ਨੂੰ ਨਰਕ ਬਣਾ ਦਿੰਦਾ ਹੈ।

The mind in itself can make a hell to heaven and heaven to hell.

(2) ਬਲੱਡ ਪਰੈਸ਼ਰ : ਇਹ ਬਿਮਾਰੀ ਆਮ ਹੋ ਗਈ ਹੈ। ਇਹ ਇਕ ਵਾਰੀ ਲਗ ਗਈ ਤਾਂ ਸਮਝੋ ਸਾਰੀ ਉਮਰ ਵਾਸਤੇ ਪੱਲੇ ਪੈ ਗਈ। ਇਸ ਵਿਚ ਖੂਨ ਦੀਆਂ ਨਾੜੀਆਂ ਤੇ ਪੱਠੇ ਸੁਗੜ ਜਾਂਦੇ ਹਨ। ਇਨ੍ਹਾਂ ਸੁੰਗੜੀਆਂ ਨਾੜੀਆਂ ਵਿਚ ਨਾਰਮਲ ਦਬਾਓ ਨਾਲ ਖੂਨ ਪੂਰੀ ਤਰ੍ਹਾਂ ਦੌਰਾ ਨਹੀਂ ਕਰ ਸਕਦਾ। ਫਲਸਰੂਪ ਖੂਨ ਦੇ ਦੌਰੇ ਨੂੰ ਸਹੀ

ਰਖਣ ਲਈ ਦਿਲ ਨੂੰ ਜ਼ਿਆਦਾ ਜ਼ੋਰ ਨਾਲ ਪੰਪ ਕਰਨਾ ਪੈਂਦਾ ਹੈ। ਇਸ ਤਰ੍ਹਾਂ ਦਿਲ ਤੇ ਨਾਰਮਲ ਤੋਂ ਜ਼ਿਆਦਾ ਜ਼ੋਰ ਪੈਂਦਾ ਹੈ। ਇਸੇ ਲਈ ਬਲੱਡ ਪਰੈਸ਼ਰ ਵਾਲੇ ਮਰੀਜ਼ ਨੂੰ ਦਿਲ ਦੀ ਬੀਮਾਰੀ ਜ਼ਰੂਰ ਲਗ ਜਾਂਦੀ ਹੈ।

(3) ਦੋਸ਼ੀ ਭਾਵਨਾ : ਜਦ ਅਸੀਂ ਕੋਈ ਕੰਮ ਸਮਾਜ, ਘਰ ਜਾਂ ਕਾਨੂੰਨ ਦੇ ਨਿਯਮਾਂ ਦੇ ਵਿਰੁਧ ਕਰ ਬੈਠਦੇ ਹਾਂ ਤਾਂ ਸਾਡਾ ਮਨ ਕਹਿੰਦਾ ਹੈ ਕਿ ਮੈਨੂੰ ਇਸ ਤਰ੍ਹਾਂ ਨਹੀਂ ਸੀ ਕਰਨਾ ਚਾਹੀਦਾ। ਦਿਲ ਦੀਆਂ ਤਰੰਗਾਂ ਉਠਦੀਆਂ ਹਨ ਅਤੇ ਮਨ ਨੂੰ ਫਿਟਕਾਰਾਂ ਪਾਉਂਦੀਆਂ ਹਨ। ਪਰ ਜੇ ਕੋਈ ਦਿਲ ਦੀ ਇਸ ਆਵਾਜ਼ ਨੂੰ ਬਾਰ ਬਾਰ ਨਹੀਂ ਸੁਣਦਾ ਤਾਂ ਫਿਰ ਇਹ ਤਰੰਗਾਂ ਉਠਣੀਆਂ ਬੰਦ ਹੋ ਜਾਂਦੀਆਂ ਹਨ। ਪਾਪ ਬਾਰੇ ਭਾਵਨਾ ਖਤਮ ਹੋ ਜਾਂਦੀ ਹੈ। ਕਾਤਲ, ਲੁਟੇਰਿਆਂ ਦੀ ਮਾਨਸਕ ਦਿਸ਼ਾ ਇਸ ਤਰ੍ਹਾਂ ਦੀ ਹੋ ਜਾਂਦੀ ਹੈ।

(4) ਦੁਚਿਤੀ : ਇਸ ਦਾ ਸ਼ਿਕਾਰ ਕੋਈ ਠੋਸ ਫੈਸਲਾ ਨਹੀਂ ਲੈ ਸਕਦਾ। ਉਸ ਦਾ ਦਿਲ ਡਾਂਵਾਂ ਡੋਲ ਹੀ ਰਹਿੰਦਾ ਹੈ। ਇਸ ਤੋਂ ਚਿੰਤਾ ਲਗ ਜਾਂਦੀ ਹੈ। ਵਿਰੋਧੀ ਤਰੰਗਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ। ਕਿਸੇ ਭੀ ਕੰਮ ਨੂੰ ਸਿਰੇ ਨਹੀਂ ਚੜ੍ਹਾ ਪਾਉਂਦਾ। ਇਕ ਕੰਮ ਸ਼ੁਰੂ ਕਰਦਾ ਹੈ ਉਸ ਨੂੰ ਅਧੂਰਾ ਹੀ ਛੱਡ ਦੂਜੇ ਕੰਮ ਨੂੰ ਹੱਥ ਪਾ ਲੈਂਦਾ ਹੈ। ਤਜਰਬਿਆਂ ਵਿਚ ਹੀ ਉਮਰ ਬੀਤ ਜਾਂਦੀ ਹੈ। ਐਸੇ ਬੰਦੇ ਇਹ ਫੈਸਲਾ ਨਹੀਂ ਕਰ ਸਕਦੇ ਕਿ ਕੀ ਉਨ੍ਹਾਂ ਦੇ ਹੱਕ ਵਿਚ ਹੈ ਤੇ ਕੀ ਉਨ੍ਹਾਂ ਦੇ ਵਿਰੁਧ। ਉਹ ਜਣੇ ਖਣੇ ਦੀ ਸਲਾਹ ਲੈ ਕੇ ਫਿਰਦੇ ਹਨ। ਕਈ ਵਾਰ ਹੱਥ ਪੈਰ ਠੰਢੇ ਪੈ ਜਾਂਦੇ ਹਨ। ਪੇਟ ਦਰਦ, ਲੱਕ ਦਰਦ ਅਤੇ ਸਿਰ ਦਰਦ ਆਮ ਇਲਾਮਤਾਂ ਹਨ।

ਇਸ ਲਈ ਆਪਣੇ ਅੰਦਰ ਕਦੀ ਵੀ ਡਰ, ਚਿੰਤਾ, ਨਿਰਾਸ਼ਾਵਾਦੀ ਤੇ ਢਹਿੰਦੀ ਕਲਾ ਦਾ ਕੋਈ ਖਿਆਲ ਦਿਮਾਗ ਵਿਚ ਦਾਖਲ ਨਾ ਹੋਣ ਦਿਓ। ਕੇਵਲ ਪ੍ਰੇਮ, ਪਿਆਰ, ਆਸ਼ਾਵਾਦੀ ਅਤੇ ਚੜ੍ਹਦੀ ਕਲਾ ਦੇ ਵਿਚਾਰ ਹੀ ਪਰਵਾਨ ਕਰੋ ਇਹ ਵਿਚਾਰ ਹੀ ਤੁਹਾਡੇ ਮਨ ਨੂੰ ਮਜ਼ਬੂਤ ਬਨਾਉਣਗੇ। ਮਾਨਸਿਕ ਸਿਹਤ ਕਿਤਨੀ ਜ਼ਰੂਰੀ ਹੈ, ਇਸ ਦਾ ਅੰਦਾਜ਼ਾ ਅੰਗਰੇਜ਼ ਲਿਖਾਰੀ ਮਿਸਟਰ ਕਾਲਟਨ ਦੇ ਹੇਠ ਲਿਖੇ ਸ਼ਬਦਾਂ ਤੋਂ ਲਗ ਸਕਦਾ ਹੈ :—

Anguish of mind has driven thousands to suicide, while anguish of body none. This proves that health of the mind is if for none consequence to our happiness then the health of body. (Caltun)

ਮਾਹਿਰ ਡਾਕਟਰਾਂ ਦਾ ਖਿਆਲ ਹੈ 30-40 ਫੀ ਸਦੀ ਦਿਲ ਦੇ ਮਰੀਜ਼ ਅਸਲ ਵਿਚ ਦਿਲ ਦੇ ਨਹੀਂ ਮਾਨਸਿਕ ਰੋਗੀ ਹੁੰਦੇ ਹਨ। ਆਪ ਲੋਕ ਸ਼ਾਇਦ ਇਸ ਗੱਲ ਤੋਂ ਵਾਕਿਫ ਨਹੀਂ ਕਿ ਖਿਚਾਉ ਮਨੁਖ ਵਿਚ ਅਨਗਿਣਤ, ਦੁਖਦਾਇਕ ਅਤੇ ਤਸੀਹੇ ਦੇਣ ਵਾਲੇ ਸਰੀਰਕ ਅਤੇ ਮਾਨਸਿਕ ਚਿੰਨ੍ਹ ਪੈਦਾ ਕਰਦੇ ਹਨ। ਇਸ ਗੱਲ ਨੂੰ ਕਦੇ ਨਾ ਭੁਲੋ ਕਿ ਲਗਾਤਾਰ ਖਿਚਾਉ ਵਿਚ ਬਹੁਤ ਅਰਸੇ ਤਕ ਰਹਿਣਾ ਬਹੁਤ ਖਤਰਨਾਕ ਸਾਬਤ ਹੋ ਸਕਦਾ ਹੈ। ਇਹ ਚਿੰਨ੍ਹ ਕਿਤਨੇ ਜ਼ੋਰਦਾਰ ਹੋਣਗੇ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਖਿਚਾਉ ਦੀ ਹਾਲਤ ਵਿਚ ਕਿਤਨਾ ਅਰਸਾ ਅਤੇ ਕਿਤਨੀ ਕਰੜਾਈ ਨਾਲ ਰਹੇ ਹੋ।

# ਕਿਰਤ ਕਰ

ਡਾ. ਗੁਰਦਰਸ਼ਨ ਸਿੰਘ 'ਬਾਦਲ'

ਜਪ ਗੁਰੂ ਦਾ ਨਾਮ, ਸਜਣਾ ਕਿਰਤ ਕਰ।
ਢਲ ਰਹੀ ਹੈ ਸ਼ਾਮ, ਸਜਣਾ ਕਿਰਤ ਕਰ।
ਹੈ ਬੁਰਾ ਅਰਾਮ, ਸਜਣਾ ਕਿਰਤ ਕਰ।
ਐਂ ਨਾ ਹੋ ਬਦਨਾਮ, ਸਜਣਾ ਕਿਰਤ ਕਰ।
ਨਾਮ ਦਾ ਪੀ ਜਾਮ, ਸਜਣਾ ਕਿਰਤ ਕਰ।
ਫਿਰ ਮਿਲੇਗਾ ਰਾਮ, ਸਜਣਾ ਕਿਰਤ ਕਰ।
ਉਸਨੂੰ ਲਭਣੇ ਤਾਂ ਅੰਦਰ ਝਾਕ ਲੈ,
ਫਿਰ ਨਾ ਐਨੇ ਧਾਮ, ਸਜਣਾ ਕਿਰਤ ਕਰ।
ਖ਼ਾਸ ਕੀ ਹੈ ਏਸ ਵਿਚ ? ਸਮਝੇਂ ਨਾ ਜੋ,
ਗੱਲ ਹੈ ਇਹ ਆਮ, ਸਜਣਾ ਕਿਰਤ ਕਰ।
ਪਕੜ ਵਿਚ ਰਹਿੰਦੇ ਨੇ ਆਪਣੇ ਆਪ ਹੀ,
ਲੋਭ, ਮੋਹ ਤੇ ਕਾਮ, ਸਜਣਾ ਕਿਰਤ ਕਰ।
ਭਾਈ ਲਾਲੋ ਆਖਿਆ ਹੈ, ਸਬਰ ਹੀ,
ਕਿਰਤ ਦਾ ਹੈ ਦਾਮ, ਸਜਣਾ ਕਿਰਤ ਕਰ।
ਭਾਰ ਹੈਂ ਤੂੰ ਜੱਗ 'ਤੇ, ਖੋਅ ਅੰਨ ਦਾ,
ਲਾਹ ਸਿਰੋਂ ਇਲਜ਼ਾਮ, ਸਜਣਾ ਕਿਰਤ ਕਰ।
ਉੱਦਮੀ ਨੂੰ ਪੌਣ, ਐਪਰ ਸੁਸਤ ਦਾ,
ਹੈ ਬੁਰਾ ਅੰਜਾਮ, ਸਜਣਾ ਕਿਰਤ ਕਰ।
ਵਿਹਲਿਆਂ ਨੂੰ ਲਗਦੀਆਂ ਊਜਾਂ ਸਦਾ,
ਬਣ ਕੇ ਰਹਿ ਵਰਿਆਮ, ਸਜਣਾ ਕਿਰਤ ਕਰ।
ਉਮਰ ਭਰ ਵਿਹਲਾ ਹੀ "ਬਾਦਲ" ਬੈਠ ਕੇ,
ਤੁਰ ਗਿਆ ਬੇ-ਨਾਮ, ਸਜਣਾ ਕਿਰਤ ਕਰ।

ਰਸਦਾਇਕ ਕੀਰਤਨ ਤਿੰਨਾਂ ਪੱਖਾਂ ਤੇ ਨਿਰਭਰ ਕਰਦਾ ਹੈ : (ੳ) ਵਾਤਾਵਰਨ (ਅ) ਕੀਰਤਨੀਏ ਅਤੇ (ੲ) ਸਰੋਤੇ ।

(ੳ) ਵਾਤਾਵਰਨ : ਉਚਿਤ ਵਾਤਾਵਰਨ ਦੀ ਅਣਹੋਂਦ ਕੀਰਤਨ ਦੇ ਰਸ ਵਿੱਚ ਵਿਘਨ ਪਾਉਂਦੀ ਹੈ, ਕੀਰਤਨੀਆਂ ਅਤੇ ਸਰੋਤਿਆਂ ਦੀ ਬਿਰਤੀ ਨੂੰ ਟਿਕਣ ਨਹੀਂ ਦਿੰਦੀ । ਜਿੰਨੀ ਦੇਰ ਤੱਕ ਬਿਰਤੀ ਨਹੀਂ ਟਿਕਦੀ ਉਨੀਂ ਦੇਰ ਤੱਕ ਕੀਰਤਨ ਦਾ ਰਸ ਬੱਝ ਹੀ ਨਹੀਂ ਸਕਦਾ । ਉਚਿਤ ਵਾਤਾਵਰਨ ਪੈਦਾ ਕਰਨ ਵਾਸਤੇ ਹੇਠ ਲਿਖੀਆਂ ਗੱਲਾਂ ਵਲ ਧਿਆਨ ਦੀ ਲੋੜ ਹੈ :

੧) ਕੀਰਤਨ ਦਾ ਪੰਡਾਲ ਖੁੱਲ੍ਹਾ ਡੁੱਲ੍ਹਾ ਹੋਵੇ, ਸੰਗਤਾਂ ਨੂੰ ਘੁਸੜ ਘੁਸੜ ਕੇ ਨਾ ਬੈਠਣਾ ਪਵੇ ।

# ਕੀਰਤਨ ਰਸਦਾਇਕ ਕਿਵੇਂ ਹੋਏ

'ਸੂਰਾ' ਵਿਚੋਂ ਧੰਨਵਾਦ ਸਹਿਤ

੨) ਕੁਦਰਤੀ ਰੁਕਾਵਣਾਂ, ਮੀਂਹ, ਹਨ੍ਹੇਰੀ, ਸਰਦੀ, ਗਰਮੀ, ਹਨ੍ਹੇਰਾ ਆਦਿ ਤੋਂ ਬਚਾਅ ਦਾ ਯੋਗ ਪ੍ਰਬੰਧ ਹੋਵੇ ।

੩) ਪੰਡਾਲ ਅਤੇ ਸਟੇਜ ਤੇ ਸਰੋਤਿਆਂ ਅਤੇ ਕੀਰਤਨੀਆਂ ਲਈ ਗਦੇਲੇਦਾਰ ਵਿਛਾਈ ਹੋਵੇ ਤਾਂ ਜੋ ਸੰਗਤਾਂ ਤੇ ਕੀਰਤਨੀਏ ਬਹੁਤੀ ਦੇਰ ਬੈਠਣ ਵਿੱਚ ਔਖ ਮਹਿਸੂਸ ਨਾ ਕਰਨ ।

੪) ਸਾਊਂਡ ਸਿਸਟਮ (ਲਾਊਡ ਸਪੀਕਰ) ਤੇ ਰੋਸ਼ਨੀ ਦਾ ਪ੍ਰਬੰਧ ਹੋਵੇ, ਬਿਜਲੀ ਦੀ ਸਪਲਾਈ ਟੁਟ ਜਾਣ ਤੇ ਬਦਲਵਾਂ ਪ੍ਰਬੰਧ ਹੋਵੇ ।

੫) ਪੰਡਾਲ ਵਿੱਚ ਬੇਲੋੜੀ ਬੋਲ ਚਾਲ ਤੇ ਹਿੱਲ ਜੁਲ ਨਾ ਹੋਵੇ ।

੬) ਪੰਡਾਲ ਦੇ ਬਾਹਰ ਟੱਟੀ ਪਿਸ਼ਾਬ ਅਤੇ ਪੀਣ ਦੇ ਪਾਣੀ ਆਦਿ ਦਾ ਯੋਗ ਪ੍ਰਬੰਧ ਹੋਵੇ ।

੭) ਸੰਗਤਾਂ ਦੇ ਜੋੜੇ ਅਤੇ ਘੋੜੇ (ਸਾਈਕਲ, ਸਕੂਟਰ, ਕਾਰਾਂ ਆਦਿ) ਰੱਖਣ ਦਾ ਢੁਕਵਾਂ ਪ੍ਰਬੰਧ ਹੋਵੇ ।

੮) ਕੀਰਤਨ ਪੰਡਾਲ ਸ਼ਹਿਰ ਤੇ ਸੜਕਾਂ ਦੇ ਰੌਲੇ ਰੱਪੇ ਤੋਂ ਆਜ਼ਾਦ ਹੋਵੇ ।

(ਅ) ਕੀਰਤਨੀਏ : ਕੀਰਤਨ ਨੂੰ ਰਸਦਾਇਕ ਬਨਾਉਣ ਵਿੱਚ ਕੀਰਤਨੀਆਂ ਦਾ ਮੁਖ ਰੋਲ ਹੈ । ਢਿੱਲੇ ਕੀਰਤਨੀਏ ਕੀਰਤਨ ਵਿੱਚ ਰਸ ਪੈਦਾ ਨਹੀਂ ਕਰ ਸਕਦੇ । ਜੇ ਉਹ ਸਰੋਤਿਆਂ ਦੀਆਂ ਬਿਰਤੀਆਂ ਕੀਰਤਨ ਵਿੱਚ ਨਹੀਂ ਜੋੜ ਸਕਣਗੇ ਤਾਂ ਸੰਗਤਾਂ ਉਠ ਉਠ ਕੇ ਜਾਣਾ ਸ਼ੁਰੂ ਕਰ ਅਤੇ ਬੇਰਸੀ ਪੈਦਾ ਹੋ ਜਾਵੇਗੀ । ਕੀਰਤਨੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਪੂਰੀ ਤਿਆਰੀ ਕਰ ਕੇ ਸਟੇਜ ਤੇ ਆਉਣ, ਉਨ੍ਹਾਂ ਨੂੰ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ :

੧) ਕੀਰਤਨੀਆਂ ਦਾ ਗੁਰਮੁਖੀ ਪਹਿਰਾਵਾ ਹੋਵੇ ਜਿਸ ਤੋਂ ਉਨ੍ਹਾਂ ਦੇ ਗੁਰਮੁਖ ਹੋਣ ਦੀ ਝਲਕ ਪਵੇ । ਉਨ੍ਹਾਂ ਦੇ ਗਲ ਵਿੱਚ ਆਪਣਾ ਹਜ਼ੂਰੀਆ (ਪਰਨਾ) ਹੋਵੇ ਤਾਂ ਜੋ ਖੰਘ ਜਾਂ ਉਥੂ ਆਉਣ ਸਮੇਂ ਥੁੱਕ ਨੂੰ ਬਾਹਰ ਡਿਗਣੋਂ ਰੋਕਿਆ ਜਾ ਸਕੇ । ਇਕੋ ਹੀ ਹਜ਼ੂਰੀਆ ਵਾਰੋ ਵਾਰੀ ਕੀਰਤਨੀਆਂ ਦੇ ਗਲਾਂ ਵਿੱਚ ਪਾਉਣਾ ਠੀਕ ਨਹੀਂ, ਸਿਹਤ ਵਾਸਤੇ ਵੀ ਹਾਨੀਕਾਰਕ ਹੈ ।

੨) ਨਿਰਧਾਰਤ ਸਮੇਂ ਅਤੇ ਮੌਕੇ ਨੂੰ ਮੁੱਖ ਰੱਖ ਕੇ ਕੀਰਤਨੀਆਂ ਨੂੰ ਪਹਿਲੋਂ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਕਿਹੜੇ ਸ਼ਬਦ ਪੜ੍ਹਨੇ ਹਨ । ਸਟੇਜ ਤੇ ਬਹਿ ਕੇ ਕੀਰਤਨ ਕਰਦਿਆਂ ਸ਼ਬਦ ਲੱਭਣੇ ਕੀਰਤਨ ਵਿੱਚ ਅਟਕਾਅ ਪਾਉਂਦੇ ਹਨ ਅਤੇ ਸਰੋਤਿਆਂ ਦੀ ਲਿਵ ਤੋੜਦੇ ਹਨ ।

੩) ਕੀਰਤਨੀਆਂ ਨੂੰ ਸ਼ਬਦ ਦੀ ਲੈਅ ਅਤੇ ਤਾਲ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ, ਸਾਜ਼ ਬੇਤਾਲ ਨਾ ਵੱਜਣ, ਸਾਜ਼ਾਂ ਦਾ ਬੋਲ ਕੀਰਤਨੀਏ ਦੇ ਬੋਲ ਨਾਲੋਂ ਬਹੁਤਾ ਉੱਚਾ ਨਾ ਹੋਵੇ ਅਤੇ ਰਾਗ, ਸ਼ਬਦ ਤੇ ਭਾਰੂ ਨਾ ਹੋਵੇ । ਸਰੋਤਿਆਂ ਨੂੰ ਰਾਗ/ਤਾਲ ਵਿੱਚ ਸ਼ਬਦ ਗਾਇਆ ਜਾਂਦਾ ਸੁਣੇ ਨਾ ਕਿ ਰਾਗ ਵਿੱਚ ਸ਼ਬਦ ਹੀ ਗੁੰਮ ਹੋ ਜਾਵੇ ।

੪) ਇੱਕ ਚੌਕੀ ਵਿੱਚ ਇੱਕੋ ਪਰਕਰਣ ਦੇ ਸ਼ਬਦ ਪੜ੍ਹੇ ਜਾਣ ਤਾਂ ਜੋ ਸਰੋਤੇ ਉਸ ਵਿਸ਼ੇ ਦਾ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰ ਸਕਣ ।

੫) ਇਕ ਸ਼ਬਦ ਸ਼ੁਰੂ ਕਰ ਕੇ ਉਸ ਨਾਲ ਹੋਰ ਸ਼ਬਦਾਂ ਦੀਆਂ ਤੁਕਾਂ ਰਲਾਉਂਦੇ ਜਾਣਾ ਕੋਈ ਬਹੁਤੀ ਚੰਗੀ ਪਿਰਤ ਨਹੀਂ । ਇਸ ਨਾਲ ਸੁਰਤੀ ਐਧਰ ਓਧਰ ਖਿੰਡਦੀ ਹੈ । ਇੱਕ ਸ਼ਬਦ ਪੂਰਾ ਕਰ ਕੇ ਫੇਰ ਉਸ ਦੇ ਨਾਲ ਭਾਵ ਅਰਥ ਵਾਲਾ ਸ਼ਬਦ ਪੜ੍ਹਨਾ ਹੀ ਠੀਕ ਹੈ ।

੬) ਸ਼ਬਦ ਦੇ ਉਚਾਰਨ ਵਲ ਕੀਰਤਨੀਆਂ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ । ਗਲਤ ਉਚਾਰਨ ਨਾਲ ਸਹੀ ਅਰਥਾਂ ਦਾ ਪਤਾ ਨਹੀਂ ਲਗ ਸਕਦਾ । ਸਹੀ ਉਚਾਰਨ ਤਾਂ

ਹੋ ਸਕੇਗਾ ਜੇ ਕੀਰਤਨੀਏ ਨੂੰ ਸ਼ਬਦ ਦੇ ਅਰਥ ਭਾਵ ਦਾ ਪੂਰਾ ਗਿਆਨ ਹੋਵੇ।

੭) ਕੀਰਤਨ ਵਿੱਚ "ਵਾਹਿਗੁਰੂ" ਸ਼ਬਦ ਦੀ ਬੇਲੋੜੀ ਧੁਨੀ ਸਰੋਤਿਆਂ ਨੂੰ ਸ਼ਬਦ ਦੇ ਅਰਥ ਭਾਵ ਸਮਝਣ ਤੋਂ ਦੂਰ ਲੈ ਜਾਂਦੀ ਹੈ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਕੀਰਤਨ ਵਿੱਚ "ਵਾਹਿਗੁਰੂ" ਸ਼ਬਦ ਦਾ ਉਚਾਰਨ ਮੁਖ ਸ਼ਬਦ ਦੇ ਅਰਥ ਭਾਵ ਉਘਾੜਨ ਅਤੇ ਲਿਵ ਜੋੜਨ ਵਿੱਚ ਸਹਾਈ ਹੋਵੇ ਨਾ ਕਿ ਸੁਰਤੀ ਨੂੰ ਲਾਂਭੇ ਲਿਜਾਵੇ।

੮) ਕੀਰਤਨੀਏ ਦਾ ਮੁੱਖ ਉਦੇਸ਼ ਸਤਿਗੁਰੂ ਦੀ ਕੀਰਤੀ (ਸਿਫ਼ਤ ਸਲਾਹ) ਹੈ। ਕੀਰਤਨ ਕਰਦਿਆਂ ਉਸ ਨੂੰ ਇਸ ਉਦੇਸ਼ ਨੂੰ ਵੱਖ ਕਰ ਕੇ ਆਪਣੀ "ਬੱਲੇ ਬੱਲੇ' ਦੇ ਉਭਾਰ ਵਿੱਚ ਨਹੀਂ ਪੈਣਾ ਚਾਹੀਦਾ। ਨਿਮਾਣੇ ਬਣ ਕੇ ਸੇਵਾ ਕੀਤੀ ਹੀ ਥਾਏਂ ਪੈਂਦੀ ਹੈ।

੯) ਕੀਰਤਨ ਇੱਕ ਬਹੁਤ ਉੱਚੀ ਸੁੱਚੀ ਭਗਤੀ ਹੈ। ਇਸ ਨੂੰ ਕੌਡੀਆਂ ਬਦਲੇ ਨਹੀਂ ਵੇਚਣਾ ਚਾਹੀਦਾ, ਸਤਿਗੁਰੂ ਦੀ ਖੁਸ਼ੀ ਹਾਸਲ ਕਰਨ ਦਾ ਵਸੀਲਾ ਹੀ ਬਨਾਉਣਾ ਚਾਹੀਦਾ ਹੈ। ਕੀਰਤਨੀ ਵੀਰਾਂ ਭੈਣਾਂ ਨੂੰ ਇਸ ਤੱਥ (ਸਚਾਈ) ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ।

੧੦) ਕੀਰਤਨੀਏ ਨੂੰ ਆਪਣੇ ਆਪ ਨੂੰ ਉਪਦੇਸ਼ਕ ਨਹੀਂ ਸਮਝਣਾ ਚਾਹੀਦਾ, ਨਿਮਾਣਾ ਸੇਵਕ ਬਣ ਕੇ ਸੇਵਾ ਕਰਨੀ ਚਾਹੀਦੀ ਹੈ। ਗੁਰਮਤਿ ਅੰਦਰ ਉਪਦੇਸ਼ਕ ਤਾਂ ਕੇਵਲ ਸਤਿਗੁਰੂ ਹੀ ਹੈ, ਬਾਕੀ ਸਾਰੇ ਸਿੱਖ ਇੱਕ ਹਰਕਾਰੇ ਵਜੋਂ ਗੁਰੂ ਦਾ ਉਪਦੇਸ਼ ਘਰੋ ਘਰੀਂ ਪਹੁੰਚਾਉਂਦੇ ਹਨ।

੧੧) ਕੀਰਤਨੀਆ ਵੀ ਗੁਰੂ ਕਾ ਸਿੱਖ ਹੈ। ਸਿੱਖ ਹੋਣ ਦੇ ਨਾਤੇ ਉਸ ਨੂੰ ਵੀ ਸੰਗਤ ਵਿੱਚ ਬੈਠ ਕੇ ਗੁਰੂ ਦੀ ਸਿੱਖਿਆ ਗ੍ਰਹਿਣ ਕਰਨੀ ਚਾਹੀਦੀ ਹੈ, ਆਪਣੀ ਵਾਰੀ ਦੀ ਉਡੀਕ ਵਿੱਚ ਉਸ ਨੂੰ ਪੰਡਾਲ/ਹਾਲ ਤੋਂ ਬਾਹਰ ਟਹਿਲਣਾ ਜਾਂ ਐਧਰ ਓਧਰ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।

੧੨) ਕੀਰਤਨੀਆਂ ਨੂੰ ਕੁਝ ਕੁ ਸ਼ਬਦਾਂ ਦੇ ਕੀਰਤਨ ਤੇ ਹੀ ਨਹੀਂ ਟਿਕੇ ਰਹਿਣਾ ਚਾਹੀਦਾ ਸਗੋਂ ਗੁਰਬਾਣੀ ਦੇ ਸਮੁੰਦਰ ਵਿਚੋਂ ਨਵੇਂ ਨਵੇਂ ਸ਼ਬਦ ਰੂਪ ਹੀਰਿਆਂ ਤੋਂ ਸੰਗਤਾਂ ਨੂੰ ਜਾਣੂੰ ਕਰਵਾਉਣਾ ਚਾਹੀਦਾ ਹੈ ਤਾਂ ਜੋ ਗੁਰਸਿੱਖਾਂ ਨੂੰ ਗੁਰਮਤਿ ਦੇ ਗੂੜ੍ਹ ਗਿਆਨ ਦਾ ਚਾਨਣਾ ਹੁੰਦਾ ਰਹੇ।

੧੩) ਜਿੰਨਾ ਸਮਾਂ ਕੀਰਤਨੀਏ ਨੂੰ ਮਿਲੇ, ਉਸ ਵਿੱਚ ਹੀ ਸਮਾਪਤੀ ਕਰ ਦੇਣੀ ਚਾਹੀਦੀ ਹੈ, ਵਾਧੂ ਸਮਾਂ ਲਗਾਉਣ ਨਾਲ ਪ੍ਰੋਗਰਾਮ ਵਿੱਚ ਖਲਬਲੀ ਪੈ ਜਾਂਦੀ ਹੈ ਜੋ ਕੀਰਤਨ ਨੂੰ ਬੇਰਸ ਕਰ ਦਿੰਦੀ ਹੈ।

੧੪) ਕੀਰਤਨੀਏ ਨੂੰ ਆਪਣੀ ਵਾਰੀ ਤੋਂ ਪਹਿਲਾਂ ਸਟੇਜ ਤੇ ਹਾਜ਼ਰ ਰਹਿਣਾ ਚਾਹੀਦਾ ਹੈ ਤਾਂ ਜੋ ਪ੍ਰਬੰਧਕਾਂ ਨੂੰ ਆਵਾਜ਼ਾਂ ਨਾ ਮਾਰਨੀਆਂ ਪੈਣ।

੧੫) ਕੀਰਤਨੀਆਂ ਨੂੰ ਗੁਰਬਾਣੀ ਨਾਲ ਮਨਘੜਤ ਟੋਟਕੇ ਰਲਾ ਕੇ ਕੀਰਤਨ ਨਹੀਂ ਕਰਨਾ ਚਾਹੀਦਾ। ਗੁਰਬਾਣੀ ਵਿੱਚ "ਰਹਾਉ" ਵਾਲੀ ਤੁਕ ਹੀ ਅਸਥਾਈ ਸਮਝ ਕੇ ਹਰਿ ਜਸ ਦੀਆਂ ਘੁੰਮਰਾਂ ਪਾਉਣੀਆਂ ਚਾਹੀਦੀਆਂ ਹਨ।

੧੬) ਹੋ ਰਹੇ ਕੀਰਤਨ ਵਿੱਚ ਸਟੇਜ ਤੇ ਬੈਠੇ ਸੱਜਣਾਂ ਦਾ ਆਪ-ਮੁਹਾਰੇ ਪ੍ਰਮਾਣ ਦੇਣਾ, ਕੀਰਤਨੀਏ ਦੀ ਸੁਰਤੀ ਵਿੱਚ ਵਿਗਾੜ ਪੈਦਾ ਕਰਨਾ ਹੈ। ਸਟੇਜ ਤੇ ਬੈਠ ਕੇ ਬੇਲੋੜੀਆਂ "ਗੁਰੂ ਗੁਰੂ" ਦੀਆਂ ਕੂਕਾਂ ਆਵਾਜ਼ਾਂ ਆਦਿ ਵਿਘਨ-ਕਾਰੀ ਹਨ। ਸਾਨੂੰ ਕੀਰਤਨ ਕਰਨ ਵਾਲੇ ਦੇ ਮਗਰ ਤੁਰਨਾ ਚਾਹੀਦਾ ਹੈ ਨਾ ਕਿ ਆਪਣੇ ਆਪ ਨੂੰ ਵੱਡੇ ਵਿਦ-ਵਾਨ ਤੇ ਭਜਨੀਕ ਸਮਝ ਕੇ ਕੀਰਤਨੀਏ ਦੇ ਰਾਹ ਦਾ ਰੋੜਾ ਬਣਨਾ।

(ੲ) ਸਰੋਤੇ : ਕੀਰਤਨ ਵਿੱਚ ਸਰੋਤਿਆਂ ਦਾ ਡਸਿਪਲਨ (ਜ਼ਬਤ) ਵਿੱਚ ਰਹਿਣਾ ਕੀਰਤਨ ਨੂੰ ਪ੍ਰਭਾਵਸ਼ਾਲੀ ਅਤੇ ਰਸਦਾਇਕ ਬਨਾਉਣ ਵਿੱਚ ਬਹੁਤ ਸਹਾਈ ਹੁੰਦਾ ਹੈ। ਕੀਰਤਨ ਦੇ ਵਾਤਾਵਰਨ ਨੂੰ ਅਨੁਕੂਲ ਰੱਖਣ ਵਾਸਤੇ ਸਰਤਿਆਂ ਦੀ ਸੇਵਾ ਵਿੱਚ ਹੇਠ ਲਿਖੀਆਂ ਬੇਨਤੀਆਂ ਹਨ :

੧) ਕੀਰਤਨ ਵਿੱਚ ਕੁਝ ਖੱਟਣ ਦੇ ਉਦੇਸ਼ ਨਾਲ ਆਉਣਾ ਚਾਹੀਦਾ ਹੈ ਨਾ ਕਿ ਖੱਟੀ ਕਮਾਈ ਗੁਆਉਣ ਲਈ।

੨) ਕੀਰਤਨ ਵਿੱਚ ਬੈਠ ਕੇ ਸੁਰਤ ਸ਼ਬਦ ਨਾਲ ਜੋੜਨੀ ਚਾਹੀਦੀ ਹੈ ਨਾ ਕਿ ਦੂਜਿਆਂ ਦੇ ਚਿਹਰਿਆਂ ਵਲ ਟਿਕ ਟਿਕੀ ਲਾਉਣੀ।

੩) ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਨਵੇਕਲੀ ਥਾਂ ਬੈਠ ਜਾਣਾ ਚਾਹੀਦਾ ਹੈ ਨਾ ਕਿ ਕੀਰਤਨੀਆਂ ਦੇ ਦਰਸ਼ਨ ਕਰਨ ਵਾਸਤੇ ਸਟੇਜ ਦੇ ਅੱਗੇ ਹੋ ਕੇ ਬੈਠਣ ਦੇ ਲਾਲਚ ਵਿੱਚ ਫਸ ਕੇ ਅੱਗੇ ਬੈਠੇ ਸਰੋਤਿਆਂ ਦੀ ਬਿਰਤੀ ਉਖਾੜੀ ਜਾਏ। ਇਹ ਗੱਲ ਯਾਦ ਰੱਖੀ ਜਾਏ ਕਿ ਕੀਰਤਨ ਸੁਣਨ ਦਾ ਵਿਸ਼ਾ ਹੈ ਨਾ ਕਿ ਦੇਖਣ ਦਾ।

੪) ਚਲਦੇ ਕੀਰਤਨ ਵਿੱਚ ਕਿਸੇ ਇੱਕ ਜਾਂ ਇੱਕ ਤੋਂ ਵੱਧ ਵਿਸ਼ੇਸ਼ ਵਿਅਕਤੀਆਂ ਦੇ ਪੰਡਾਲ ਵਿੱਚ ਆਉਣ ਤੇ

ਸਰੋਤਿਆਂ ਨੂੰ ਉਠ ਖਲੋਣਾ ਨਹੀਂ ਚਾਹੀਦਾ ਕਿਉਂਕਿ ਇਸ ਵਿੱਚ ਗੁਰਬਾਣੀ ਅਤੇ ਗੁਰੂ ਦੀ ਤੌਹੀਨ (ਬਇੱਜ਼ਤੀ) ਹੈ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਨਾਲੋਂ ਕੋਈ ਵੀ ਮਨੁਖ ਵੱਡਾ ਨਹੀਂ। ਸਾਨੂੰ ਸਤਿਗੁਰੂ ਦੇ ਦਰਬਾਰ ਵਿੱਚ ਸਿੱਖ ਬਣ ਕੇ ਆਉਣਾ ਚਾਹੀਦਾ ਹੈ ਨਾ ਕਿ ਸ਼ਰੀਕ (ਗੁਰੂ ਬਰਾਬਰ)।

੫) ਕੀਰਤਨ ਪੰਡਾਲ ਵਿੱਚ ਕੀਰਤਨ ਸੁਣ ਰਹੀ ਸੰਗਤ ਨੂੰ ਜਲ, ਗਰਮ ਪਾਣ, ਦੁਧ ਜਾਂ ਹੋਰ ਖਾਣ ਪੀਣ ਦੀਆਂ ਚੀਜ਼ਾਂ ਵਰਤਾਉਣ ਜਾਂ ਕੀਰਤਨ ਪ੍ਰੋਗਰਾਮਾਂ ਦੇ ਇਸ਼ਤਿਹਾਰ ਵੰਡਣ ਨਾਲ ਕੀਰਤਨ ਵਿੱਚ ਵਿਘਨ ਪੈਂਦਾ ਹੈ। ਜਿਸ ਨੂੰ ਅੰਨ ਜਲ ਦੀ ਲੋੜ ਹੋਵੇ ਉਹ ਬਾਹਰ ਜਾ ਕੇ ਛਕ ਆਵੇ। ਕੀਰਤਨ ਪ੍ਰੋਗਰਾਮ ਤੇ ਹੋਰ ਪ੍ਰਚਾਰ ਸਮੱਗਰੀ ਪੰਡਾਲ ਤੋਂ ਬਾਹਰ ਵੰਡੀ ਜਾਵੇ।

੬) ਕੀਰਤਨ ਵਿੱਚ ਸਾਵਧਾਨ ਹੋ ਕੇ ਬੈਠਣਾ ਚਾਹੀਦਾ ਹੈ, ਜੇ ਊਂਘਾ ਆਉਣ ਤਾਂ ਬਾਹਰ ਜਾ ਕੇ ਆਰਾਮ ਕਰ ਲਓ ਕੀਰਤਨ ਅਖਾੜੇ ਨੂੰ ਵਿਸ਼ਰਾਮ ਘਰ ਨਾ ਬਣਾਓ।

੭) ਚਲਦੇ ਕੀਰਤਨ ਵਿੱਚ ਉੱਠ ਉੱਠ ਕੇ ਕੀਰਤਨੀਆਂ ਨੂੰ ਮਾਇਆ ਭੇਂਟ ਕਰਨ ਨਾਲ ਸਰੋਤਿਆਂ ਦੀ ਸੁਰਤੀ ਉੱਖੜਦੀ ਹੈ। ਅਜੇਹਾ ਨਾ ਕੀਤਾ ਜਾਏ।

੮) ਕੀਰਤਨੀਏ ਨੂੰ ਆਪਣੀ ਫਰਮਾਇਸ਼ ਨਾ ਭੇਜੀ ਜਾਏ ਕਿ ਫਲਾਣਾ ਸ਼ਬਦ ਸੁਣਾਓ, ਕੀਰਤਨੀਏ ਨੂੰ ਆਪਣੀ ਮੱਤ ਗੁਰੂ ਅਧੀਨ ਰੱਖ ਕੇ ਹੀ ਕੀਰਤਨ ਕਰਨ ਦਿੱਤਾ ਜਾਏ।

# ਸੁਰ ਲਿਪੀ ਰਾਗ ਧਨਾਸਰੀ (ਕਾਫੀ ਅੰਗ)

—ਪ੍ਰੋ: ਤਾਰਾ ਸਿੰਘ

ਗੋਪਾਲ ਤੇਰਾ ਆਰਤਾ ॥ ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥ ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥ ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥ ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥ ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥੧॥ [ਪੰਨਾ ੬੯੫] ਰਾਗ ਧਨਾਸਰੀ ਭਗਤ ਧੰਨਾ ਜੀ

| | | | |
|---|---|---|---|
| ਵਾਦੀ : | ਪੰਚਮ | ਸੰਵਾਦੀ : | ਸ਼ੜਜ |
| ਜਾਤੀ : | ਔੜਵ-ਸੰਪੂਰਣ | ਸਮਾਂ : | ਦਿਨ ਦਾ ਤੀਜਾ ਪਹਿਰ |

ਆਰੋਹ : ਨੀ̱. ਸ ਗੁ ਮ ਪ ਨੀ̱ ਸਾਂ ।

ਅਵਰੋਹ : ਸਾਂ ਨੀ̱ ਧ ਪ, ਮ ਗੁ, ਪ ਗੁ, ਮ ਗੁ ਰੇ ਸ ।
ਮ ਮ ਮ

ਮੁੱਖ ਅੰਗ : ਸਾ ਗੁ ਗੁ, ਪ ਗੁ, ਰੇ ਸਾ ।

## ਇਕ ਤਾਲ

### ਸਥਾਈ :

| × | | | 0 | 2 | | | 3 | | | 4 | |
|---|---|---|---|---|---|---|---|---|---|---|---|
| | | | | | | | | | | = | ਗੁਮ |
| ਨੀ̱ | | | | | | | | | | ਤ | ਗੋਤ |
| ਪ | - | ਪ | ਪਨੀ̱ | ਸਾਂਰੇਂ | ਨੀ̱ਸਾਂ | ਨੀ̱ਧ | ਪਮ | ਧ | ਪ | = | = |
| ਪਾ | ऽ | ਲ | ਤੇऽ | ऽऽ | ਰਾऽ | ਆऽ | ऽऽ | ਰ | ਤਾ | ऽ | ऽ |
| | | | | | | | | | ਨੀ̱ | | |
| ਪ | ਗੁ | ਮ | ਗੁ | ਰੇ | ਸਾ | ਸਾਗੁ | ਮਪ | ਮ | ਪ | - | ਪ |
| ਜੋ | ਜ | ਨ | ਤੁ | ਮ | ਰੀ | ਭਗ | ਤਿऽ | ਕ | ਰੰ | ऽ | ਤੇ |
| ਪ | ਨੀ̱ | ਸਾਂਗੁਾਂ | ਰੇਂ | ਸਾਂ | ਸਾਂ | ਰੇਂਸਾਂ | ਨੀ̱ਸਾਂ | ਰੇਂਸਾਂ | ਨੀ̱ਧ | ਪਮ | ਗੁਮ |
| ਤਿ | ਨ | ਕੇऽ | ਕਾ | ਜ | ਸ | ਵਾऽ | ऽऽ | ਰऽ | ਤਾऽ | ऽऽ | ऽऽ |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪ | - | ਨੀ̱ਧ | ਮਧ | ਗੁ | ਮ | ਪ | ਨੀ̱ | ਨੀ̱ | ਸਾਂ | - | ਸਾਂ |
| ਦਾ | ऽ | ਲਿऽ | ਸੀऽ | ਧਾ | ऽ | ਮਾ | ਗऽ | ਗਉ | ਘੀ | ऽ | ਉ |
| ਪ | ਨੀ̱ | ਸਾਂਗੁਂ | ਰੇ | ਸਾਂ | ਸਾਂ | ਰੇਂਸਾਂ | ਨੀ̱ਸਾਂ | ਰੇਂਸਾਂ | ਨੀ̱ | ਪਧ | ਪ |
| ਹ | ਮ | ਰਾ | ਖੁ | ਸੀ | ਕ | ਰੇऽ | ਨਿऽ | ਤ | ਜੀ | ऽऽ | ਉ |
| ਮਪ | ਸਾਂਨੀ̱ | ਧ | ਪਧ | ਮ | ਪ | ਗੁ | ਗੁ | ਮ | ਧ | ਪ | - |
| ਪऽ | ਨੀ̱ऽ | ਆ | ਛਾऽ | ਦऽ | ਨੁ | ਨੀ | ऽ | ऽ | ऽ | ਕਾ | ऽ |
| ਨੀ̱. | ਸਾਂ | ਗੁ | ਮ | ਪ | ਨੀ̱ | ਸਾਂ | ਗੁਂ | ਰੇਂਸਾਂ | ਨੀ̱ਧ | ਪਮ | |
| ਅਨਾ | ऽ | ਜੁ | ਮ | ਗਉ | ऽ | ਸ | ਤਿ | ਸੀऽ | ऽऽ | ਕਾऽ | |

(ਭਗਤ ਰਾਗ ਰਤਨਾਵਲੀ ਵਿਚੋਂ ਧੰਨਵਾਦ ਸਹਿਤ)